# ਵਰਿਆਮ ਸਿੰਘ ਸੰਧੂ ਦੀ ਕਹਾਣੀ ਸੰਵੇਦਨਾ
# (ਚੌਥੀ ਕੂਟ ਕਹਾਣੀ ਸੰਗ੍ਰਹਿ ਦੇ ਵਿਸ਼ੇਸ਼ ਸੰਦਰਭ ਵਿੱਚ)

Waryam Singh Sandhu di Kahaani Samvedna

(Chauthi Koot Kahaani Sangreh de Vishesh Sandarbh vich)

**Navneet Kaur**

**M.A. Student**

**Reg. No: 11302246**

**ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ ਫਗਵਾੜਾ ਦੇ**

**ਸਕੂਲ ਆਫ਼ ਆਰਟਸ ਐਂਡ ਲੈਂਗੁਏਜਿਜ਼ ਅਧੀਨ**

**ਐਮ.ਏ.(ਪੰਜਾਬੀ) ਦੀ ਡਿਗਰੀ ਦੇ ਇੱਕ**

**ਹਿੱਸੇ ਦੀ ਪੂਰਤੀ ਹਿਤ ਪ੍ਰਸਤੁਤ**

**ਖੋਜ–ਪ੍ਰਬੰਧ**

**ਫ਼ੈਕਲਟੀ ਆਫ਼ ਬਿਜ਼ਨਸ ਐਂਡ ਆਰਟਸ**

**ਲਵਲੀ ਪ੍ਰੋਫ਼ੈਸਨਲ ਯੂਨੀਵਰਸਿਟੀ, ਫਗਵਾੜਾ**

**2015**

# ਘੋਸ਼ਣਾ-ਪੱਤਰ

ਮੈਂ ਨਵਨੀਤ ਕੌਰ ਇਹ ਬਿਆਨ ਕਰਦੀ ਹਾਂ ਕਿ ਵਰਿਆਮ ਸਿੰਘ ਸੰਧੂ ਦੀ ਕਹਾਣੀ ਸੰਵੇਦਨਾ (ਚੌਥੀ ਕੂਟ ਕਹਾਣੀ ਸੰਗ੍ਰਹਿ ਦੇ ਵਿਸ਼ੇਸ਼ ਸੰਦਰਭ ਵਿੱਚ) ਵਿਸ਼ੇ ਉੱਤੇ ਲਿਖੇ ਇਸ ਖੋਜ-ਪ੍ਰਬੰਧ ਵਿਚਲਾ ਖੋਜ-ਕਾਰਜ ਨਿਰੋਲ ਰੂਪ ਵਿਚ ਮੇਰਾ ਆਪਣਾ ਹੈ ਅਤੇ ਇਸ ਵਿਚ ਕੋਈ ਹੋਰ ਹਿੱਸੇਦਾਰ ਨਹੀਂ ਹੈ। ਇਸ ਖੋਜ-ਪ੍ਰਬੰਧ ਵਿਚ ਕੋਈ ਵੀ ਅਜਿਹਾ ਖੋਜ-ਕਾਰਜ ਸ਼ਾਮਲ ਨਹੀਂ ਹੈ ਜਿਸ ਲਈ ਕਿਸੇ ਹੋਰ ਯੂਨੀਵਰਸਿਟੀ ਜਾਂ ਅਦਾਰੇ ਵੱਲੋਂ ਕੋਈ ਡਿਗਰੀ ਜਾਂ ਡਿਪਲੋਮਾ ਦਿੱਤਾ ਜਾ ਚੁੱਕਾ ਹੋਵੇ।

ਖੋਜਾਰਥੀ

ਨਵਨੀਤ ਕੌਰ

ਰਜਿ. ਨੰਬਰ:- 11302246

# ਪ੍ਰਮਾਣ-ਪੱਤਰ

ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਖੋਜਾਰਥੀ ਨਵਨੀਤ ਕੌਰ ਨੇ ਆਪਣਾ ਐਮ. ਏ. (ਪੰਜਾਬੀ) ਦਾ ਖੋਜ ਪ੍ਰੰਬਧ ਵਰਿਆਮ ਸਿੰਘ ਸਿੰਘ ਸੰਧੂ ਦੀ ਕਹਾਣੀ ਸੰਵੇਦਨਾ (ਚੌਥੀ ਕੂਟ ਕਹਾਣੀ ਸੰਗ੍ਰਹਿ ਦੇ ਵਿਸ਼ੇਸ਼ ਸੰਦਰਭ ਵਿੱਚ)  ਮੇਰੀ ਨਿਗਰਾਨੀ ਹੇਠ ਮੁਕੰਮਲ ਕੀਤਾ ਹੈ। ਇਹ ਖੋਜ-ਪ੍ਰਬੰਧ ਖੋਜਾਰਥੀ ਦੀ ਮੌਲਿਕ ਖੋਜ ਦਾ ਸਿੱਟਾ ਹੈ। ਮੈਂ ਇਸ ਖੋਜ-ਪ੍ਰਬੰਧ ਨੂੰ ਐਮ. ਏ. ਦੀ ਡਿਗਰੀ ਲਈ ਯੋਗ ਸਮਝਦਾ ਹਾਂ ਅਤੇ ਮੁਲਾਂਕਣ ਹਿਤ ਪ੍ਰਸਤੁਤ ਕਰਨ ਦੀ ਇਜਾਜ਼ਤ ਦਿੰਦਾਂ ਹਾਂ।

**ਮਿਤੀ:** 05-05-2015

ਨਿਗਰਾਨ

ਡਾ. ਕਿਰਨਦੀਪ ਸਿੰਘ

ਸਹਾਇਕ ਪ੍ਰੋਫ਼ੈਸਰ

ਸਕੂਲ ਆਫ਼ ਆਰਟਸ ਐਂਡ ਲੈਂਗੁਏਜਿਜ਼

ਲਵਲੀ ਪ੍ਰੋਫ਼ੈਸਨਲ ਯੂਨੀਵਰਸਿਟੀ, ਫਗਵਾੜਾ (ਪੰਜਾਬ)

# ਤਤਕਰਾ

**ਭੂਮਿਕਾ** iv-vii

**ਅਧਿਆਇ ਪਹਿਲਾ:** **1–10**

ਕਹਾਣੀ ਦਾ ਸਿਧਾਂਤਕ ਪਰਿਪੇਖ ਤੇ ਰਚਨਾਤਮਕ ਸਫ਼ਰ

**ਅਧਿਆਇ ਦੂਜਾ:** 11- 29

ਵਰਿਆਮ ਸਿੰਘ ਸੰਧੂ ਦਾ ਜੀਵਨ ਤੇ ਰਚਨਾ ਸੰਸਾਰ

**ਅਧਿਆਇ ਤੀਜਾ:** 30-40

ਵਰਿਆਮ ਸਿੰਘ ਸੰਧੂ ਦਾ ਵਿਚਾਰਧਾਰਾਈ ਪਰਿਪੇਖ

**ਅਧਿਆਇ ਚੌਥਾ:** 41-54

ਵਰਿਆਮ ਸਿੰਘ ਸੰਧੂ ਦੀਆਂ ਕਹਾਣੀਆਂ ਦਾ ਕਲਾਤਮਕ ਪੱਖ

**ਸਾਰ** 55-58

**ਸਹਾਇਕ ਪੁਸਤਕ ਸੂਚੀ** 59-60

# ਭੂਮਿਕਾ

ਪ੍ਰਸਤੁਤ ਖੋਜ ਪ੍ਰਬੰਧ ਦਾ ਵਿਸ਼ਾ ਵਰਿਆਮ ਸਿੰਘ ਸੰਧੂ ਦੀ ਕਹਾਣੀ ਸੰਵੇਦਨਾ (ਚੌਥੀ ਕੂਟ ਕਹਾਣੀ ਸੰਗ੍ਰਹਿ ਦੇ ਵਿਸ਼ੇਸ਼ ਸੰਦਰਭ ਵਿੱਚ ਹੈ)। ਵਰਿਆਮ ਸਿੰਘ ਸੰਧੂ ਇੱਕ ਵਿੱਲਖਣ ਵਿਅਕਤੀਤਵ ਦੇ ਮਾਲਕ ਹਨ। ਅੱਠਵੇਂ ਦਹਾਕੇ ਦੇ ਸ਼ੁਰੂ ਵਿੱਚ 'ਲੋਹੇ ਦੇ ਹੱਥ' ਕਹਾਣੀ- ਸੰਗ੍ਰਹਿ ਨਾਲ ਪੰਜਾਬੀ ਕਹਾਣੀ ਜਗਤ ਵਿੱਚ ਪ੍ਰਵੇਸ਼ ਕਰਨ ਵਾਲਾ ਵਰਿਆਮ ਸੰਧੂ ਨਕਸਲਵਾਦੀ ਲਹਿਰ ਦੀ ਉਪਜ ਹੈ। ਵਰਿਆਮ ਸਿੰਘ ਸੰਧੂ ਪੰਜਾਬੀ ਕਹਾਣੀ ਦੇ ਤੀਜੀ ਪੀੜ੍ਹੀ ਦੇ ਕਹਾਣੀਕਾਰਾਂ ਵਿੱਚ ਆਉਂਦੇ ਹਨ।

ਪੰਜਾਬੀ ਸਾਹਿਤ ਅੰਦਰ ਕਹਾਣੀ ਦਾ ਆਗਮਨ ਅੰਗਰੇਜ਼ੀ ਰਾਜ ਦੀ ਪੰਜਾਬ ਵਿੱਚ ਸਥਾਪਨਾ ਤੋਂ ਬਾਅਦ ਮੰਨਿਆ ਜਾਂਦਾ ਹੈ। ਪੱਛਮੀ ਤਕਨੀਕ ਦੀਆਂ ਕਹਾਣੀਆਂ ਅੰਗਰੇਜ਼ਾਂ ਦੇ ਪੰਜਾਬ ਵਿੱਚ ਕਾਬਜ਼ ਹੋਣ ਤੋਂ ਬਾਅਦ ਲਿਖੀ ਜਾਣ ਲੱਗੀਆਂ। ਬਾਕੀ ਸਾਹਿਤ ਰੂਪਾਂ ਦੀ ਤਰ੍ਹਾਂ ਹੀ ਪੰਜਾਬੀ ਕਹਾਣੀ ਨੇ ਪੱਛਮੀ ਸਾਹਿਤ ਦਾ ਪ੍ਰਭਾਵ ਕਬੂਲਿਆ ਹੈ। ਇਸੇ ਲਈ ਇਸ ਨੂੰ ਆਧੁਨਿਕ ਸਾਹਿਤ ਦਾ ਨਵਾਂ ਰੂਪ ਕਿਹਾ ਜਾਂਦਾ ਹੈ। ਪੰਜਾਬੀ ਸਾਹਿਤ ਦੇ ਲੇਖਕਾਂ ਨੇ ਸ਼ੁਰਆਤੀ ਦੌਰ ਵਿੱਚ ਧਰਮ ਸੁਧਾਰ, ਸਮਾਜ ਸੁਧਾਰ ਲਈ ਕਹਾਣੀਆਂ ਲਿਖੀਆਂ ਸ਼ੁਰੂ ਕੀਤੀਆਂ ਸਨ। ਇਸ ਤੋਂ ਮਗਰੋਂ ਪੰਜਾਬੀ ਕਹਾਣੀ ਸਮਾਜ ਦੀ ਨਬਜ਼ ਪਛਾਣਨ ਵਿੱਚ ਕਾਮਯਾਬ ਹੋ ਸਕੀ ਅਤੇ ਵੱਖ-ਵੱਖ ਪ੍ਰਵਿਰਤੀਆਂ ਅਧੀਨ ਕਹਾਣੀਆਂ ਲਿਖੀਆਂ ਜਾਣ ਲੱਗ ਪਈਆਂ। ਅਤੇ ਵਰਿਆਮ ਸਿੰਘ ਸੰਧੂ ਨੇ ਪੰਜਾਬੀ ਕਹਾਣੀ ਦੇ ਖੇਤਰ ਵਿੱਚ ਇੱਕ ਲੰਮੀ ਹੁਨਰੀ ਤੇ ਤਿੱਖੀ ਸੁਰ ਵਾਲੀ ਕਹਾਣੀ ਲਿਖਣ ਦੀ ਪਿਰਤ ਪਾਈ।

ਵਰਿਆਮ ਸਿੰਘ ਸੰਧੂ ਪ੍ਰਮੁੱਖ ਕਹਾਣੀਕਾਰਾਂ ਦੇ ਸੰਦਰਭ ਵਿੱਚ ਕਿਸੇ ਜਾਣ-ਪਾਛਣ ਦਾ ਮੁਥਾਜ ਨਹੀਂ ਹੈ। ਉਹ ਇੱਕ ਵਿੱਲਖਣ ਪ੍ਰਤਿਭਾ ਦਾ ਮਾਲਕ ਹੈ। ਆਪਣੀ ਨਿਵੇਕਲੀ ਸੁਰ, ਤਿੱਖੀ ਬੁਛਾੜ, ਕਾਟਵੀ ਤੇ ਵਿੰਅਗ ਭਰਪੂਰ ਸਿਰਜਣਾ, ਬਿਆਨ ਦੀ ਪੇਸ਼ ਕਾਰੀ ਵਾਲਾ ਕਹਾਣੀਕਾਰ ਹੈ। ਉਹ ਛੋਟੀ ਕਿਰਸਾਣੀ, ਆਰਥਿਕਤਾ ਦੇ ਸੰਕਟ, ਤੇ ਭਾਈਚਾਰਕ ਟਕਰਾਉ, ਪੰਜੀਵਾਦੀ ਉਭਾਰ, ਸੱਭਿਆਚਾਰਕ ਤਣਾਉ ਦੀ ਤਸਵੀਰ ਪੇਸ਼ ਕਰਦਾ ਹੈ। ਜਦੋਂ ਮਨੁੱਖੀ ਵਿਸ਼ਵਾਸ ਤਿੜਕ ਜਾਂਦੇ ਹਨ ਤੇ ਕੋਈ ਕਿਸੇ ਤੇ ਇਤਬਾਰ ਨਹੀਂ ਕਰਦਾ ਹੈ ਤੇ ਸਾਰੇ ਪੰਜਾਬੀ ਆਪਣੀ ਹੋਣੀ ਭੋਗਦੇ ਰਹੇ ਹਨ। ਇੱਥੇ ਮਾਨਵੀ ਰਿਸ਼ਤਿਆਂ ਦੇ ਟੁੱਟਣ ਦਾ ਕਾਰਨ ਨਾ ਆਰਥਕਤਾ ਬਣਦੀ ਹੈ ਤੇ ਨਾ ਹੀ ਸਮਾਜਕਤਾ, ਸਗੋਂ

ਇਸ ਦਾ ਕਾਰਨ ਪੰਜਾਬੀਆਂ ਦੀ ਮਾਨਸਕਤਾ ਵਿੱਚ ਘੋਲੀ ਗਈ ਫਿਰਕਾ ਪ੍ਰਸਤੀ ਦੀ ਜ਼ਹਿਰ ਹੈ। ਹਿੰਦੁਸਤਾਨ ਦੇ ਸ਼ਾਸਕਾ ਦੀ ਸ਼ੰਕੀਰਨ ਸੋਚ ਇੱਥੋਂ ਤੱਕ ਪਹੁੰਚ ਗਈ ਕਿ ਪੰਜਾਬ ਤੇ ਖਾਸ ਕਰਕੇ ਸਿੱਖਾਂ ਨੂੰ ਉਨ੍ਹਾਂ ਦੇ ਹੱਕਾ ਤੋਂ

ਵਿਰਵਿਆ ਰਖਿਆ ਗਿਆ ਤੇ ਲਾਰੇ- ਲੱਪੇ ਦੀ ਰਾਜਨੀਤੀ ਖੇਡੀ ਗਈ ਹੈ। ਸੰਧੂ ਨੇ ਇਹਨਾਂ ਵਰਤਾਰਿਆਂ ਨੂੰ ਆਪਣੀਆਂ ਕਹਾਣੀਆਂ ਵਿੱਚ ਬਹੁਤ ਹੀ ਤਰਕ ਅਤੇ ਸਫਲਤਾ ਨਾਲ ਪੇਸ਼ ਕੀਤਾ ਹੈ।

ਹੁਣ ਤੱਕ ਵਰਿਆਮ ਸਿੰਘ ਸੰਧੂ ਨੇ ਚੌਥੀ ਕੂਟ, ਲੋਹੇ ਦੇ ਹੱਥ, ਵਾਪਸੀ, ਅੰਗ- ਸੰਗ, ਭੱਜੀਆਂ ਬਾਹਾਂ, ਤੇ ਸਫਰਨਾਮੇ ਵਗਦੀ ਰਾਵੀ, ਪ੍ਰਦੇਸੀ ਪੰਜਾਬ, ਵੀ ਲਿਖੇ ਹਨ। ਖੋਜ ਪ੍ਰਬੰਧ ਨੂੰ ਸੰਗਠਿਤ ਕਰਨ ਲਈ ਮੈਂ ਆਪਣੇ ਅਧਿਐਨ ਨੂੰ ਵੱਖ-ਵੱਖ ਅਧਿਆਵਾਂ ਵਿੱਚ ਵੰਡਿਆ ਹੈ। ਖੋਜ ਪ੍ਰਬੰਧ ਦੇ ਪਹਿਲੇ ਅਧਿਆਇ ਵਿੱਚ ਕਹਾਣੀ ਦਾ ਸਿਧਾਂਤਕ ਪਰਿਪੇਖ ਤੇ ਰਚਨਾਤਮਕ ਸਫ਼ਰ ਨੂੰ ਪੇਸ਼ ਕੀਤਾ ਗਿਆ ਹੈ। ਇਸ ਵਿਚ ਕਹਾਣੀ ਦੇ ਸਿਧਾਂਤਕ ਪੱਖ ਨੂੰ ਉਜਾਗਰ ਕਰਨ ਦੇ ਨਾਲ-ਨਾਲ ਪੰਜਾਬੀ ਵਿਦਵਾਨਾਂ ਦੀਆਂ ਪਰਿਭਾਸ਼ਾ ਦਿੰਦੇ ਹੋਏ ਇਸਦੇ ਇਤਿਹਾਸਕ ਸਫ਼ਰ ਦੀ ਵੀ ਗੱਲ ਕੀਤੀ ਗਈ ਹੈ।

ਖੋਜ ਪ੍ਰਬੰਧ ਦੇ ਦੂਜੇ ਅਧਿਆਇ ਵਿੱਚ ਵਰਿਆਮ ਸਿੰਘ ਸੰਧੂ ਜੀ ਦੇ ਜਨਮ ਤੋਂ ਲੈ ਕੇ ਕਹਾਣੀਕਾਰ ਬਣਨ ਤੱਕ ਦੇ ਸਫ਼ਰ ਦੀ ਚਰਚਾ ਕੀਤੀ ਹੈ। ਅਤੇ ਪੰਜਾਬੀ ਕਹਾਣੀ ਵਿੱਚ ਵਰਿਆਮ ਸਿੰਘ ਸੰਧੂ ਦਾ ਸਥਾਨ ਤੇ ਯੋਗਦਾਨ ਵੀ ਪੇਸ਼ ਕੀਤਾ ਗਿਆ ਹੈ। ਇਸ ਅਧਿਆਇ ਵਿੱਚ ਕਹਾਣੀ ਦੇ ਸ਼ੁਰੂਆਤੀ ਦੌਰ ਦੇ ਕਹਾਣੀਕਾਰਾਂ ਉੱਤੇ ਝਾਤ ਪੁਆਈ ਗਈ ਹੈ ਤੇ ਇਹ ਦੇਖਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਵੱਖ-ਵੱਖ ਕਹਾਣੀਕਾਰਾਂ ਤੋਂ ਸੰਧੂ ਕਿਹੜੇ ਪੱਖੋਂ ਭਿੰਨ ਹੈ।

ਅਧਿਆਇ ਤੀਜੇ ਵਿੱਚ ਵਰਿਆਮ ਸਿੰਘ ਸੰਧੂ ਦੀਆਂ ਕਹਾਣੀਆਂ ਦੇ ਵਿਚਾਰਧਾਰਾਈ ਪਰਿਪੇਖ ਨੂੰ ਪੇਸ਼ ਕੀਤਾ ਹੈ। ਇਸ ਵਿੱਚ ਉਹਨਾਂ ਦੀਆਂ ਕਹਾਣੀਆਂ ਦਾ ਡੂੰਘਾ ਅਧਿਐਨ ਕਰਦੇ ਸਮੇਂ ਇਹ ਜਾਨਣ ਦੀ ਕੋਸ਼ਿਸ਼ ਕੀਤੀ ਹੈ ਕਿ ਉਹਨਾਂ ਨੇ ਜੀਵਨ ਦੇ ਕਿਹੜੇ ਖੇਤਰਾਂ ਨੂੰ ਵਿਸ਼ੇ ਵਜੋਂ ਚੁਣਿਆ ਹੈ। ਇਹਨਾਂ ਵਿਸ਼ਿਆਂ ਦੀ ਪੇਸ਼ਕਾਰੀ ਲਈ ਕਿਸ ਪ੍ਰਕਾਰ ਦੀ ਵਸਤੂ ਸਮੱਗਰੀ ਲਈ ਹੈ।

ਅਧਿਆਇ ਚੌਥੇ ਵਿੱਚ ਵਰਿਆਮ ਸਿੰਘ ਸੰਧੂ ਦੀਆਂ ਕਹਾਣੀਆਂ ਦਾ ਕਲਾਤਮਕ ਪੱਖ ਪੇਸ਼ ਕੀਤਾ ਗਿਆ ਹੈ। ਇਸ ਵਿਚ ਵਰਿਆਮ ਸਿੰਘ ਸੰਧੂ ਦੀਆਂ ਕਹਾਣੀਆਂ ਦਾ ਅਧਿਐਨ ਕਰਦੇ ਸਮੇਂ ਉਸ ਦੀ ਕਲਾ ਦੇ ਜਿਹੜੇ ਪੱਖ ਸਾਡੇ ਸਾਹਮਣੇ ਆਏ ਉਹਨਾਂ ਦਾ ਵਰਣਨ ਇਸ ਅਧਿਐਨ ਵਿੱਚ ਦਿੱਤਾ ਗਿਆ ਹੈ। ਆਪਣੀ ਕਲਾ ਦਾ ਮੁਜ਼ਾਹਰਾ ਕਰਨ

ਲਈ ਸੰਧੂ ਨੇ ਜਿਹੜੀਆਂ ਜੁਗਤਾਂ ਵਰਤੀਆਂ ਹਨ ਉਹਨਾਂ ਦਾ ਵੇਰਵਾ ਇਸ ਅਧਿਆਇ ਵਿੱਚ ਸ਼ਾਮਲ ਹੈ। ਅੰਤ ਵਿੱਚ ਸਾਰ ਨੂੰ ਲਿਆ ਗਿਆ ਹੈ ਜਿਸ ਵਿੱਚ ਸਮੁੱਚੀ ਖੋਜ ਦਾ ਨਿਸ਼ਕਰਸ਼ ਦਿੱਤਾ ਗਿਆ ਹੈ।

# ਖੋਜ ਕਾਰਜ ਦਾ ਖੇਤਰ

ਮੇਰੇ ਇਸ ਖੋਜ ਕਾਰਜ ਦਾ ਵਿਸ਼ਾ ਵਰਿਆਮ ਸਿੰਘ ਸੰਧੂ ਦੀ ਕਹਾਣੀ ਸੰਵੇਦਨਾ ( ਚੌਥੀ ਕੂਟ ਕਹਾਣੀ ਸੰਗ੍ਰਹਿ ਦੇ ਵਿਸ਼ੇਸ਼ ਸੰਦਰਭ ਵਿੱਚ) ਹੈ। ਇਸ ਵਿੱਚ ਵਰਿਆਮ ਸਿੰਘ ਸੰਧੂ ਦੇ ਹੋਰ ਕਹਾਣੀ ਸੰਗ੍ਰਹਿਆਂ ਨੂੰ ਨਹੀਂ ਲਿਆ ਗਿਆ ਹੈ ਕਿਉਂਕਿ ਐੱਮ. ਏ ਪੱਧਰ ਦੀ ਉਪਾਧੀ ਹੋਣ ਦੇ ਨਾਤੇ ਖੋਜ ਕਾਰਜ ਦਾ ਆਕਾਰ ਅਤੇ ਖੇਤਰ ਉਚੇਰੀ ਪਦਵੀਆਂ ਦੇ ਖੋਜ ਕਾਰਜ ਤੋਂ ਛੋਟਾ ਅਤੇ ਮੁੱਢਲੇ ਪੱਧਰ ਦਾ ਹੁੰਦਾ ਹੈ। ਇਸ ਲਈ ਮੈਂ ਆਪਣੇ ਖੋਜ ਕਾਰਜ ਦਾ ਖੇਤਰ 'ਚੌਥੀ ਕੂਟ' ਕਹਾਣੀ ਸੰਗ੍ਰਹਿ ਦੇ ਵਿਸ਼ੇਸ਼ ਸੰਦਰਭ ਵਿੱਚ ਹੀ ਸੀਮਤ ਰੱਖਿਆ ਹੈ ਤਾਂ ਜੋ ਮੈਂ ਸਹੀ ਅਤੇ ਸੁਚੱਜੇ ਢੰਗ ਨਾਲ ਇਸ ਖੋਜ ਕਾਰਜ ਨੂੰ ਨਿਭਾ ਸਕਾਂ।

# ਉਦੇਸ਼

ਹਰ ਇਕ ਰਚਨਾ ਦਾ ਕੋਈ ਨਾ ਕੋਈ ਉਦੇਸ਼ ਹੁੰਦਾ ਹੈ। ਹਰ ਰਚਣਹਾਰਾ ਆਪਣੀ ਰਚਨਾ ਰਚਣ ਸਮੇਂ ਆਪਣੇ ਮਨ ਵਿਚ ਕੋਈ ਨਾ ਕੋਈ ਉਦੇਸ਼ ਜ਼ਰੂਰ ਰੱਖਦਾ ਹੈ। ਇਸਦੀ ਪੂਰਤੀ ਉਸਨੇ ਆਪਣੀ ਰਚਨਾ ਰਾਹੀਂ ਕਰਨੀ ਹੁੰਦੀ ਹੈ। ਇਸੀ ਤਰ੍ਹਾਂ ਹਰ ਖੋਜ ਕਾਰਜ ਦਾ ਵੀ ਕੋਈ ਨਾ ਕੋਈ ਉਦੇਸ਼ ਜ਼ਰੂਰ ਹੁੰਦਾ ਹੈ ਜਿਸ ਰਾਹੀਂ ਉਸ ਨੂੰ ਪੜ੍ਹਨ ਵਾਲਾ ਕੋਈ ਨਾ ਕੋਈ ਸੇਧ ਲੈ ਸਕੇ। ਸੋ ਇਸ ਖੋਜ ਕਾਰਜ ਦੇ ਉਦੇਸ਼ ਇਸ ਤਰ੍ਹਾਂ ਹਨ-

1 ਪੰਜਾਬ ਸੰਕਟ ਅਤੇ ਛੋਟੀ ਕਿਰਸਾਨੀ ਦੇ ਆਰਥਿਕ ਸੰਕਟਾਂ ਬਾਰੇ ਪਛਾਣ ਕਰਾਣੀ।
2 ਵਰਿਆਮ ਸਿੰਘ ਸੰਧੂ ਦੇ ਪੰਜਾਬੀ ਕਹਾਣੀ ਵਿੱਚ ਪਾਏ ਯੋਗਦਾਨ ਦਾ ਮੁਲਾਂਕਣ ਕਰਨਾ।
3 ਵਰਿਆਮ ਸਿੰਘ ਸੰਧੂ ਦੀਆਂ ਬਿਰਤਾਂਤਕ ਜੁਗਤਾਂ ਨੂੰ ਉਜਾਗਰ ਕਰਨਾ।

# **ਖੋਜ ਵਿਧੀ/ਪਹੁੰਚ ਦ੍ਰਿਸ਼ਟੀਆਂ**

ਕਿਸੇ ਵੀ ਖੋਜ ਕਾਰਜ ਨੂੰ ਨੇਪਰੇ ਚਾੜ੍ਹਨ ਵਿਚ ਖੋਜ ਵਿਧੀ ਦੀ ਭੂਮਿਕਾ ਅਹਿਮ ਹੁੰਦੀ ਹੈ ਕਿਉਂਕਿ ਹਰ ਖੋਜ ਕਾਰਜ ਨੂੰ ਮੁਕੰਮਲ ਕਰਨ ਲਈ ਖੋਜਾਰਥੀ ਕੋਈ ਨਾ ਕੋਈ ਮੌਲਿਕ ਵਿਧੀ ਅਪਣਾਉਂਦਾ ਹੈ ਜਿਸ ਨਾਲ ਉਸਨੇ ਆਪਣਾ ਖੋਜ ਕਾਰਜ ਸੰਪੂਰਨ ਕਰਨਾ ਹੁੰਦਾ ਹੈ। ਇਸ ਖੋਜ ਕਾਰਜ ਨੂੰ ਨਿਭਾਉਣ ਲਈ ਹੇਠਾਂ ਦਿੱਤੀਆਂ ਖੋਜ ਵਿਧੀਆਂ ਦੀ ਵਰਤੋਂ ਕੀਤੀ ਗਈ ਹੈ।

ਇਸ ਖੋਜ ਕਾਰਜ ਵਿੱਚ ਅਧਿਐਨ ਲਈ ਵਿਭਿੰਨ ਪ੍ਰਕਾਰ ਦੀਆਂ ਅੰਤਰ ਅਨੁਸ਼ਾਸ਼ਨੀ ਪਹੁੰਚ ਦ੍ਰਿਸ਼ਟੀਆਂ ਦੀ ਤਰਕ ਅਧਾਰਿਤ ਵਰਤੋਂ ਕੀਤੀ ਗਈ ਹੈ। ਵਿਸ਼ੇ ਤੇ ਕਲਾ ਪੱਖ ਅਨੁਸਾਰ ਵੱਖ-ਵੱਖ ਪਹੁੰਚ ਵਿਧੀਆਂ ਜਿਵੇਂ ਪਾਠ ਮੂਲਕ ਪਹੁੰਚ ਵਿਧੀ, ਸਮਾਜ ਸ਼ਾਸ਼ਤਰੀ ਪਹੁੰਚ ਵਿਧੀ, ਮਾਰਕਸਵਾਦੀ ਪਹੁੰਚ ਵਿਧੀ, ਗਿਆਨ ਮੂਲਕ ਪਹੁੰਚ ਵਿਧੀ ਤੇ ਹੋਰ ਪਹੁੰਚ ਵਿਧੀਆਂ ਦੀ ਵਰਤੋਂ ਨੂੰ ਤਰਕਵਾਦੀ ਨਜ਼ਰੀਏ ਨਾਲ ਲਾਗੂ ਕਰਕੇ ਖੋਜ ਕਾਰਜ ਨੂੰ ਪੂਰਾ ਕੀਤਾ ਗਿਆ ਹੈ।

# ਪੂਰਵ ਖੋਜ ਕਾਰਜ

. ਗੁਰਮੀਤ ਕੌਰ, ਵਰਿਆਮ ਸਿੰਘ ਸੰਧੂ ਦੀਆਂ ਕਹਾਣੀਆਂ ਵਿੱਚ ਰਾਜਸੀ ਚੇਤਨਾ, ਪੰਜਾਬੀ ਯੂਨੀਵਰਸਿਟੀ ਪਟਿਆਲਾ, 2007

. ਦਰਸ਼ਨ ਸਿੰਘ, ਵਰਿਆਮ ਸਿੰਘ ਸੰਧੂ ਦੀਆਂ ਕਹਾਣੀਆਂ ਵਿੱਚ ਸੰਬੋਧਨ ਅਤੇ ਸੰਕੇਤ ਵਿਧੀਆਂ ਦਾ ਸਮਾਜ-ਭਾਸ਼ਾ ਵਿਗਿਆਨਕ ਅਧਿਐਨ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2003

ਮੈਂ ਧੰਨਵਾਦੀ ਹਾਂ ਆਪਣੇ ਆਦਰਯੋਗ ਨਿਗਰਾਨ ਡਾ. ਕਿਰਨਦੀਪ ਸਿੰਘ ਜੀ ਦੀ ਜਿਨ੍ਹਾਂ ਨੇ ਸਮੇਂ-ਸਮੇਂ ਤੇ ਮੇਰੀ ਲੋੜੀਂਦੀ ਸਹਾਇਤਾ ਕੀਤੀ। ਉਹਨਾਂ ਨੇ ਆਪਣੇ ਕੀਮਤੀ ਸਮੇਂ ਵਿਚੋਂ ਮੈਨੂੰ ਸਮਾਂ ਦੇ ਕੇ ਮੇਰੇ ਇਸ ਖੋਜ ਕਾਰਜ ਨੂੰ ਨਪੇਰੇ ਚੜ੍ਹਾਇਆ। ਉਹਨਾਂ ਨੇ ਮੇਰੇ ਕੀਤੇ ਕੰਮ ਨੂੰ ਦੇਖਿਆ ਅਤੇ ਕੀਤੇ ਹੋਏ ਕੰਮ ਨੂੰ ਸੋਧ ਕਰਕੇ ਅੰਤ ਤੱਕ ਇਸ ਖੋਜ ਕਾਰਜ ਨੂੰ ਪੂਰਾ ਕਰਨ ਲਈ ਮੇਰੀ ਮੱਦਦ ਕੀਤੀ ਜਿਸ ਕਾਰਨ ਆਪਣੇ ਕੰਮ ਨੂੰ ਸਹੀ ਢੰਗ ਨਾਲ ਅਤੇ ਠੀਕ ਸਮੇਂ ਉੱਤੇ ਪੂਰਾ ਕਰ ਸਕੀ ਹਾਂ।

(ਨਵਨੀਤ ਕੌਰ)

# ਪਹਿਲਾ ਅਧਿਆਇ

# ਕਹਾਣੀ ਦਾ ਸਿਧਾਂਤਕ ਪਰਿਪੇਖ ਤੇ ਰਚਨਾਤਮਕ ਸਫ਼ਰ

ਸਾਹਿਤ ਮਨੁੱਖ ਦੇ ਸੁਹਜ ਸਵਾਦ ਦੀ ਤ੍ਰਿਪਤੀ ਕਰਦਾ ਹੈ। ਸਾਹਿਤ ਦੁਆਰਾ ਸਾਹਿਤਕਾਰ ਆਪਣੇ ਭਾਵਾਂ ਨੂੰ ਪਾਠਕਾਂ ਤੱਕ ਪਹੁੰਚਾਉਂਦਾ ਹੈ। ਉਹਨ੍ਹਾਂ ਨਾਲ ਆਪਣੇ ਮਨ ਦੇ ਭਾਵ ਸਾਂਝੇ ਕਰਦਾ ਹੈ। ਸਾਹਿਤ ਪਾਠਕਾਂ ਨੂੰ ਅਗਵਾਈ ਦਿੰਦਾ ਹੈ। ਸਾਹਿਤ ਉਨ੍ਹਾਂ ਰਚਨਾਵਾਂ ਨੂੰ ਕਿਹਾ ਜਾਂਦਾ ਹੈ ਜੋ ਭਾਵਾਂ ਦੇ ਪ੍ਰਕਾਸ਼ ਅਤੇ ਉਚੇਰੀ ਸ਼ੈਲੀ ਦੇ ਕਾਰਨ ਜਾਣੀਆਂ ਜਾਂਦੀਆਂ ਹਨ। ਇਨ੍ਹਾਂ ਵਿੱਚ ਕਾਵਿ ਨਾਟਕ ਅਤੇ ਗਲਪ ਆਦਿ ਰੂਪ ਸ਼ਾਮਿਲ ਹੁੰਦੇ ਹਨ। ਸਾਹਿਤ ਹੀ ਅਜਿਹਾ ਮਾਧਿਅਮ ਹੈ ਜਿਸ ਦੁਆਰਾ ਮਨੁੱਖ ਆਪਣੇ ਮਨ ਦੇ ਭਾਵਾਂ ਦੀ ਅਭਿਵਿਅਕਤੀ ਕਰ ਸਕਦਾ ਹੈ। ਸਾਹਿਤ ਨੂੰ ਸਮਾਜ ਦਾ ਸ਼ੀਸ਼ਾ ਵੀ ਆਖਿਆ ਜਾਂਦਾ ਹੈ। ਸਾਹਿਤ ਵਿੱਚ ਸਮਾਜਕ ਸੰਵੇਦਨਾ ਦੀ ਤਸਵੀਰ ਖਿੱਚੀ ਜਾਂਦੀ ਹੈ। ਸਾਹਿਤ ਸਮਾਜ ਤੋਂ ਬਗੈਰ ਹੋਂਦ ਵਿੱਚ ਨਹੀਂ ਆ ਸਕਦਾ। ਇਹ ਸਮਾਜ ਨੂੰ ਪ੍ਰਭਾਵਿਤ ਕਰਦਾ ਹੈ। ਸਾਹਿਤ ਕੇਵਲ ਸਾਹਿਤਿਕ ਲਹਿਰਾਂ ਦਾ ਹੀ ਨਹੀਂ ਸਗੋਂ ਸਮਾਜ ਵਿਚਲੀਆਂ ਰਾਜਨੀਤਿਕ ਅਤੇ ਧਾਰਮਕ ਲਹਿਰਾਂ ਦਾ ਵੀ ਜਨਮ ਦਾਤਾ ਬਣ ਸਕਣ ਦੀ ਸੰਭਾਵਨਾ ਰੱਖਦਾ ਹੈ।

ਸਾਹਿਤ ਸਿਰਜਣਾ ਇੱਕ ਅਜਿਹੀ ਪ੍ਰਕ੍ਰਿਆ ਹੈ ਜੋ ਹਮੇਸ਼ਾਂ ਗਤੀਸ਼ੀਲ ਅਤੇ ਜੀਵੰਤ ਰਹਿੰਦੀ ਹੈ। ਸਾਹਿਤ ਵਿੱਚ ਉਹ ਪੇਸ਼ ਕੀਤਾ ਜਾਂਦਾ ਹੈ ਜੋ ਸਾਡੇ ਆਲੇ-ਦੁਆਲੇ ਵਿਚਰਦਾ ਹੈ। ਸਾਹਿਤ ਇੱਕ ਫੁਲਵਾੜੀ ਹੈ ਜਿਸ ਵਿੱਚ ਵੰਨ ਸੁਵੰਨੇ ਫੁੱਲ ਖਿੜਦੇ ਹਨ। ਸਾਹਿਤ ਸਮਾਜ ਨੂੰ ਸੁਹਜ ਸਵਾਦ ਪ੍ਰਦਾਨ ਕਰਦਾ ਹੈ। ਇਹ ਸੁਹਜ ਸਵਾਦ ਸਾਧਾਰਨ ਵਿਅਕਤੀ ਲਈ ਬਹੁਤ ਮਹੱਤਵ ਰੱਖਦਾ ਹੈ। ਇਹ ਨਿਰੋਲ ਅਨੰਦ ਦਿੰਦਾ ਹੈ ਅਤੇ ਇਸ ਅਨੰਦ ਨਾਲ ਮਨ ਉਨੱਤ ਹੁੰਦਾ ਹੈ। ਇਹ ਨਾ ਸਿਰਫ ਜੀਵਨ ਨੂੰ ਚਿਤਰਦਾ ਹੈ ਸਗੋਂ ਵਿਆਖਿਆ ਵੀ ਕਰਦਾ ਹੈ। ਸਾਹਿਤ ਦੁਆਰਾ ਸਾਹਿਤਕਾਰ ਆਪਣੀ ਸੋਚ ਅਤੇ ਵਿਚਾਰ ਨੂੰ ਦੂਜਿਆਂ ਵਿਅਕਤੀਆਂ ਨਾਲ ਸਾਂਝਾ ਕਰਦਾ ਹੈ। ਇਸ ਵਿੱਚ ਸਮਾਜ ਅਤੇ ਵਿਅਕਤੀ ਵਿਚਕਾਰ ਸੰਘਰਸ਼ ਹੁੰਦਾ ਹੈ। ਇਹ ਮਨੁੱਖ ਨੂੰ ਪ੍ਰੇਰਨਾ ਦੇਣ ਦੇ ਸਮਰੱਥ ਹੁੰਦਾ ਹੈ। ਸਾਹਿਤਕਾਰ ਨਾ ਕੇਵਲ ਆਪਣੇ ਭਾਵਾਂ ਨੂੰ ਪ੍ਰਗਟਾਓਂਦਾ ਹੈ ਸਗੋਂ ਇਸ ਤਰ੍ਹਾਂ ਪੇਸ਼ ਕਰਦਾ ਹੈ ਕਿ ਲੋਕ ਵੀ ਇਸ ਤੋਂ ਪ੍ਰਭਾਵਿਤ ਹੋਣ। ਅਰਥਾਤ ਸਾਹਿਤਕਾਰ ਨੂੰ ਹਮੇਸ਼ਾਂ ਸੱਚ ਦਾ ਹੀ ਨਿਰੂਪਣ ਕਰਨਾ ਚਾਹੀਦਾ ਹੈ। ਇਸ ਲਈ ਸਾਹਿਤ ਨੂੰ ਬਹੁਤ ਸਾਰੀਆਂ ਵਿਧਾਵਾਂ ਦੁਆਰਾ ਪੇਸ਼ ਕੀਤਾ ਜਾਂਦਾ ਹੈ ਜਿਵੇਂ:- ਕਵਿਤਾ, ਵਾਰਤਕ, ਕਹਾਣੀ, ਨਾਵਲ, ਇਕਾਂਗੀ, ਨਾਟਕ ਆਦਿ।

ਇਨ੍ਹਾਂ ਸਾਰੀਆਂ ਵਿਧਾਵਾਂ ਵਿੱਚ ਸਾਹਿਤਕਾਰ ਉਹ ਸਭ ਕੁਝ ਪੇਸ਼ ਕਰਦਾ ਹੈ ਜੋ ਅੱਜ ਦੇ ਸਮੇਂ ਵਿੱਚ ਵਾਪਰ ਰਿਹਾ ਹੁੰਦਾ ਹੈ। ਅਜੋਕੇ ਸਮੇਂ ਦੇ ਸਰੋਕਾਰਾਂ ਨੂੰ ਪੇਸ਼ ਕਰਕੇ ਸਾਹਿਤਕਾਰ ਉਨ੍ਹਾਂ ਸਮੱਸਿਆਵਾਂ ਨੂੰ ਸਮਾਜ ਦੇ ਅੱਗੇ ਰੱਖਦਾ ਹੈ ਅਤੇ ਉਨ੍ਹਾਂ ਦਾ ਨਿਰਣਾ ਪਾਠਕਾਂ ਉੱਪਰ ਛੱਡ ਦਿੰਦਾ ਹੈ। ਵਿਅਕਤੀ ਜਿਹੜੇ ਸਮਾਜਕ ਅਤੇ ਪਰਿਵਾਰਕ ਸੰਬੰਧਾਂ

ਵਿੱਚੋਂ ਗੁਜਰਦਾ ਹੈ ਉਸ ਨੂੰ ਸਾਹਿਤ ਰਾਹੀਂ ਪੇਸ਼ ਕਰਦਾ ਹੈ। ਹਰੇਕ ਵਿਅਕਤੀ ਦਾ ਨਿੱਜੀ ਅਨੁਭਵ ਕਿਸੇ ਦੂਸਰੇ ਵਿਅਕਤੀ ਦੇ ਅਨੁਭਵ ਤੋਂ ਵਿਲੱਖਣ ਹੁੰਦਾ ਹੈ ਜੋ ਦੂਜਿਆਂ ਲਈ ਵੀ ਅਰਥਪੂਰਣ ਹੋਵੇ।

ਕਹਾਣੀ ਸ਼ਬਦ ਸੰਸਕ੍ਰਿਤ ਦੇ ਕਥਾ ਸ਼ਬਦ ਤੋਂ ਨਿਕਲਿਆ ਹੈ ਜੋ ਪ੍ਰਾਕਿਰਤ ਪੈਸ਼ਾਚੀ ਵਿੱਚ 'ਕਹਾ' ਬਣ ਗਿਆ। ਗੁਣਾਢਯ ਦੀ ਕਹਾਣੀਆਂ ਦੀ ਪ੍ਰਸਿੱਧ ਪੁਸਤਕ ਦਾ ਨਾਂ ਵੰਡ ਕਹਾ ਭਾਵ ਵੱਡੀ ਕਹਾਣੀ ਹੈ ਜੋ ਪੈਸ਼ਾਚੀ ਵਿੱਚ ਲਿਖੀ ਗਈ ਹੈ। ਜੇਕਰ ਕਹਾਣੀ ਦੇ ਸਰੋਤਾਂ ਵੱਲ ਧਿਆਨ ਮਾਰੀਏ ਤਾਂ ਪੱਤਾ ਲੱਗਦਾ ਹੈ ਕਿ ਹਜ਼ਾਰਾਂ ਸਾਲਾਂ ਤੋਂ ਸੰਸਾਰ ਦੇ ਲਗਪਗ ਸਾਰੇ ਮੁਲਕਾਂ ਵਿੱਚ ਹੀ ਕਹਾਣੀ ਪ੍ਰਚਲਿਤ ਰਹੀ ਹੈ ਅਤੇ ਕਈ ਅਜਿਹੇ ਕਹਾਣੀ ਸੰਗ੍ਰਹਿ ਪ੍ਰਾਪਤ ਹਨ ਜੋ ਸੰਸਾਰ ਪ੍ਰਸਿੱਧ ਹਨ। ਇੱਥੇ ਸਵਾਲ ਇਹ ਪੈਦਾ ਹੁੰਦਾ ਹੈ ਕਿ ਸਭ ਤੋਂ ਪਹਿਲਾਂ ਕਹਾਣੀ ਕਿਸ ਮੁਲਕ ਵਿੱਚ ਜਾਂ ਕਿਸ ਦੇਸ਼ ਵਿੱਚ ਰਚੀ ਗਈ। ਇਸ ਦਾ ਜਵਾਬ ਲੱਭਦਿਆਂ ਸੰਸਾਰ ਦੇ ਬਹੁਤੇ ਵਿਦਵਾਨ ਇਸ ਗੱਲ ਨਾਲ ਸਹਿਮਤ ਹਨ ਕਿ ਸਭਿੱਅਤਾ ਦੀ ਪਹਿਲੀ ਰੌਸ਼ਨੀ ਸਪਤ ਸਿੰਧੂ ਦੀ ਧਰਤੀ ਉੱਤੇ ਪਈ ਹੋਣ ਕਾਰਨ ਕਹਾਣੀ ਦਾ ਖਜ਼ਾਨਾ ਵੀ ਇਸੇ ਸੁਹਾਗੀ ਧਰਤੀ ਤੇ ਪੈਦਾ ਹੋਇਆ ਤੇ ਹੌਲੀ-ਹੌਲੀ ਜਿਵੇਂ ਇਸ ਧਰਤੀ ਤੋ ਲੋਕ ਟੋਲੇ ਬਣਾ ਕੇ ਹੋਰਨਾ ਮੁਲਕਾ ਫਰਾਸ, ਮਿਸਰ, ਅਰਬ, ਰੂਸ, ਚੀਨ, ਆਦਿ ਹੋਰਨਾ ਮੁਲਕਾ ਵੱਲ ਗਏ ਤੇ ਉਹ ਆਪਣੇ ਨਾਲ ਕਹਾਣੀ ਦਾ ਖਜ਼ਾਨਾ ਅਤੇ ਕਹਾਣੀ ਦੀ ਸ਼ੈਲੀ ਲੈ ਗਏ ਜਿਸਦੇ ਸੂਬਤ ਵਜੋਂ ਅਸੀਂ ਫਾਰਸੀ ਅਤੇ ਅਰਬੀ ਕਹਾਣੀਆਂ ਦੀਆਂ ਪੰਜਾਬੀ ਕਹਾਣੀਆਂ ਨਾਲ ਇਕਸਾਰਤਾ ਨੂੰ ਦੇਖ ਸਕਦੇ ਹਾਂ ਇੰਝ ਇਹ ਸਪਸ਼ਟ ਹੈ ਕਿ ਕਹਾਣੀ ਯਾਤਰਾ ਪੂਰਵ ਤੋ ਪੱਛਮ ਵੱਲ ਨੂੰ ਹੋਈ ਹੈ।ਪੰਜਾਬੀ ਕਹਾਣੀ ਨੇ ਆਪਣੀ ਲੋਕ ਪ੍ਰਿਯਤਾ ਬਣਾਈ ਰੱਖਣ ਲਈ ਸਮੇਂ ਤੇ ਸਥਿਤੀ ਦੀ ਲੋੜ ਲਈ ਆਪਣੇ ਆਪ ਨੂੰ ਤਬਦੀਲ ਕੀਤਾ ਹੈ ਜਿਸ ਕਾਰਨ ਇਸਦੇ ਵਿਕਾਸ ਵਿੱਚ ਵਿਸ਼ਾਲਤਾ ਤੇ ਅਮੀਰੀ ਸ਼ਾਮਿਲ ਹੋ ਗਈ।

## ਕਹਾਣੀ ਦੀ ਪਰਿਭਾਸ਼ਾ

**ਐਚ.ਜੀ.ਵੈਲਜ.ਅਨੁਸਾਰ**, "ਕਹਾਣੀ ਵਿੱਚ ਦੋ ਗੱਲਾ ਦਾ ਹੋਣਾ ਜਰੂਰੀ ਮੰਨਦਾ ਹੈ ਇੱਕ ਤਾਂ ਇਹ ਕਿ ਇਹ ਇਤਨੀ ਨਿੱਕੀ ਹੋਵੇ ਜੋ ਪੰਦਰ੍ਹਾਂ ਤੋ ਤੀਹਾਂ ਮਿੰਟਾਂ ਵਿੱਚ ਪੜ੍ਹੀ ਜਾ ਸਕੇ ਤੇ ਦੂਜੇ ਇਹ ਕਿਸੇ ਗੱਲ ਨੂੰ ਵਧੀਆ ਕਲਾਂ ਰਾਹੀਂ ਇਸ ਤਰ੍ਹਾਂ ਪ੍ਰਭਾਵਸ਼ਾਲੀ ਤਰੀਕੇ ਨਾਲ ਕਹਿ ਸਕੇ ਕਿ ਉਹ ਹਲੂਣੇ ਨਾਲ ਪਾਠਕ ਦੀ ਅੱਖ ਵਿੱਚ ਚਮਕ ਪੈਦਾ ਕਰ ਦੇਵੇ।[1]

**ਸੰਤ ਸਿੰਘ ਸੇਖੋਂ ਅਨੁਸਾਰ**, "ਕਹਾਣੀ ਵਿੱਚ ਇੱਕ ਤਿੱਖੀ ਚੁੰਝ ਹੋਣੀ ਚਾਹੀਦੀ ਹੈ ਇੱਕ ਸੰਗੀਨ ਦੀ ਚੁੰਝ ਵਰਗੀ ਇੱਕ ਤੀਰ ਦੀ ਚੁੰਝ ਵਰਗੀ ਜੋ ਸਿੱਧੀ ਸੁਣਨ ਪੜ੍ਹਨ ਵਾਲਿਆ ਦੇ ਦਿਲ ਵਿੱਚ ਖੁੰਭ ਜਾਵੇ"।[2]

ਪੰਜਾਬੀ ਕਹਾਣੀ ਤੇ ਪੰਜਾਬੀ ਕਹਾਣੀ ਦੇ ਜਨਮ ਸੰਬੰਧੀ ਵੱਖ-ਵੱਖ ਵਿਦਵਾਨਾਂ ਨੇ ਆਪਣੇ ਵਿਚਾਰ ਦਿੱਤੇ ਹਨ। ਪੰਜਾਬੀ ਕਹਾਣੀ ਹੁਣ ਤੱਕ ਕਈ ਪੜਾਵਾਂ ਵਿਚੋ ਲੰਘਕੇ ਸਾਡੇ ਤੱਕ ਪਹੁੰਚਿਆ ਹੈ ਤੇ ਵੱਖ-ਵੱਖ ਕਹਾਣੀਕਾਰਾਂ ਨੇ ਕਹਾਣੀਆਂ ਲਿਖਿਆਂ ਹਨ ਜਿਵੇਂ- ਚਰਨ ਸਿੰਘ ਸ਼ਹੀਦ, ਸੰਤ ਸਿੰਘ ਸੇਖੋਂ, ਸੁਜਾਨ ਸਿੰਘ, ਜੰਸਵਤ ਸਿੰਘ, ਸੂਬਾ ਸਿੰਘ, ਕਰਤਾਰ ਸਿੰਘ ਦੁੱਗਲ, ਜਰਨੈਲ ਸਿੰਘ, ਮਹਿੰਦਰ ਸਿੰਘ ਜੋਸ਼ੀ, ਬਲਦੇਵ ਸਿੰਘ, ਸੰਤੋਖ ਸਿੰਘ ਧੀਰ, ਕੁਲਵੰਤ ਸਿੰਘ ਵਿਰਕ, ਰਾਮ ਸਰੂਪ ਅਣਖੀ, ਅਜੀਤ ਕੌਰ, ਦਲੀਪ ਕੌਰ ਟਿਵਾਣਾ, ਵੀਨਾ ਵਰਮਾ ਆਦਿ ਕਹਾਣੀਕਾਰਾਂ ਨੇ ਕਈ ਕਹਾਣੀਆਂ ਲਿਖਿਆਂ ਹਨ। ਕਹਾਣੀ ਭਾਵੇਂ ਆਕਾਰ ਵਿੱਚ ਛੋਟੀ ਹੁੰਦੀ ਹੈ ਪਰ ਇਸ ਅੰਦਰ ਬਹੁਤ ਸਾਰੀਆਂ ਕਲਾਤਮਕ ਖੂਬੀਆਂ ਹਨ। ਜਿਹੜੀਆਂ ਇਸ ਦੇ ਸਰੂਪ ਨੂੰ ਵਧੇਰੇ ਕਲਾਤਮਕ ਤੇ ਗਹਿਰਾ ਬਣਾਉਂਦੀਆਂ ਹਨ। ਸਰੋਆਨ ਠੀਕ ਕਹਿੰਦਾ ਹੈ ਕਿ ਨਿੱਕੀ ਕਹਾਣੀ ਇੱਕੋ ਸਮੇਂ ਪ੍ਰਸਾਰਨ ਦਾ ਸਿੱਧਾ ਤੇ ਸਰਲ ਮਾਧਿਅਮ ਵੀ ਹੈ ਤੇ ਗੁੰਝਲਦਾਰ ਵੀ।

ਨਿੱਕੀ ਕਹਾਣੀ ਪੁਰਾਣੀ ਕਹਾਣੀ ਵਾਂਗ ਕਿਸੇ ਸਦਾਚਾਰ, ਨੀਤੀ ਜਾਂ ਧਰਮ ਨਾਲ ਨਹੀਂ ਜੁੜੀ ਹੁੰਦੀ ਇਹ ਆਪਣੇ ਆਪ ਵਿੱਚ ਇੱਕ ਸੁਤੰਤਰ ਕਲਾ ਰੂਪ ਹੈ। ਹਰ ਨਿੱਕੀ ਕਹਾਣੀ ਜੀਵਨ ਦੀ ਕਿਸੇ ਨਵੀਂ ਸੰਭਾਵਨਾ, ਨਵੇਂ ਧਰਮ ਨੂੰ ਖੋਲਦੀ ਹੈ। ਇਸ ਦੇ ਕਲੇਵਰ ਵਿੱਚ ਹਰ ਨਵਾਂ ਗਿਆਨ, ਨਵੀਂ ਦੁਨੀਆ, ਨਵਾਂ ਮਨੁੱਖ ਆ ਜਾਂਦੇ ਹਨ। ਇਹ ਪੁਰਾਣੀ ਕਹਾਣੀ ਵਾਂਗ ਹੀ ਜੀਵਨ ਦੇ ਕੁਝ ਖਾਸ ਰੰਗਾਂ ਵਿੱਚ ਹੀ ਨਹੀ ਵਿਚਰਦੀ, ਸਗੋਂ ਜੀਵਨ ਦੇ ਹਰ ਰੰਗ ਤੱਕ ਪਹੁੰਚਦੀ ਹੈ। ਕਿਉਂਕਿ ਨਿੱਕੀ ਕਹਾਣੀ ਵਿੱਚ ਸਾਧਾਰਨ ਜੀਵਨ ਦੀ ਸਾਧਾਰਨਤਾ ਪ੍ਰਗਟਾਈ ਗਈ ਹੁੰਦੀ ਹੈ ਇਸ ਲਈ ਇਹ ਆਪਣੇ ਸੂਖਮ-ਸੁਭਾਅ ਕਰਕੇ ਮਨੁੱਖ ਨੂੰ ਮੱਧ ਸੁਰ ਬੋਲਣ ਵਾਲਾ ਬਣਾ ਕੇ ਪੇਸ਼ ਕਰਦੀ ਹੈ। ਸੋ ਨਿੱਕੀ ਕਹਾਣੀ ਨਿੱਕੀ ਇਸ ਲਈ ਹੈ ਕਿ ਇਹ ਮਨੁੱਖੀ ਜੀਵਨ ਦੀਆਂ ਕੇਵਲ ਅਸਾਧਾਰਨ ਸੰਭਾਵਨਾਵਾਂ ਦੇ ਨਹੀਂ ਉਸ ਦੀਆਂ ਸਾਧਾਰਨ ਸੰਭਾਵਨਾਵਾਂ ਦੇ ਅਰਥ ਵੀ ਲੱਭਦੀ ਹੈ। ਪੁਰਾਣੀ ਕਹਾਣੀ ਵੱਖ-ਵੱਖ ਰੂਪਾਂ ਵਿੱਚ ਇਸ ਰਹੱਸ ਦੀ ਸਿਰਜਣਾ ਤੇ ਮਹਿਮਾ ਹੈ। ਆਧੁਨਿਕ ਕਾਲ ਵਿੱਚ ਜ਼ਿੰਦਗੀ ਦਾ ਸਭ ਤੋਂ ਵੱਡਾ ਰਹੱਸ ਸਾਧਾਰਨ ਮਨੁੱਖ ਦੀ ਸਾਧਾਰਨਤਾ ਹੈ। ਉਪਰੋਕਤ ਸਾਰੀ ਚਰਚਾ ਤੇ ਪਰਿਭਾਸ਼ਾਵਾਂ ਦੇ ਨਿਚੋੜ ਵਜੋਂ ਅਸੀਂ ਕਹਿ ਸਕਦੇ ਹਾਂ ਕਿ ਕਲਾਤਮਕ ਨਿੱਕੀ ਕਹਾਣੀ ਪੰਜਾਬੀ ਗਲਪ ਦਾ ਉਹ ਰੂਪ ਹੈ ਜਿਹੜਾ ਕਲਾਤਮਕ ਗੋਂਦ ਰਾਹੀਂ ਕਿਸੇ ਇੱਕ ਮੁਖੀ ਘਟਨਾ ਜਾਂ ਇੱਕ ਮੁੱਖੀ ਪਾਤਰ ਦਾ ਨਾਟਕੀ ਬਿਆਨ ਸੰਜਮਤਾ ਨਾਲ ਇਸ ਤਰ੍ਹਾਂ ਕਰਦੀ ਹੈ ਕਿ ਉਸ ਦਾ ਪ੍ਰਭਾਵ ਸੰਪੂਰਨ ਹੋਵੇ।

"ਕਹਾਣੀ ਹਜ਼ਾਰਾ ਸਾਲਾਂ ਤੋਂ ਵਿਕਾਸ ਕਰਦੀ ਆ ਰਹੀ ਹੈ, ਕਿਉਂਕਿ ਇਹ ਮਨੁੱਖ ਦੀ ਆਤਮਿਕ ਲੋੜਾਂ ਵਿੱਚੋਂ ਇੱਕ ਪ੍ਰੱਮਖ ਲੋੜ ਮੰਨੀ ਜਾਂਦੀ ਹੈ। ਸਮੇਂ-ਸਮੇਂ ਇਸ ਵਿੱਚ ਨਵੀਆਂ-ਨਵੀਆਂ ਪ੍ਰਵਿਰਤੀਆਂ ਰੂਪਮਾਨ ਹੁੰਦੀਆਂ ਰਹੀਆਂ

ਹਨ ਜੋ ਇਸ ਦੇ ਇੱਕ ਜ਼ਿੰਦਾ ਸਾਹਿੱਤਕ ਰੂਪ ਹੋਣ ਦੀਆਂ ਸਬੂਤ ਹਨ। ਪੰਜਾਬੀ ਕਹਾਣੀ ਦੇ ਮੁੱਢ ਬਾਰੇ ਦੋ ਮੱਤ ਹਨ ਇੱਕ ਮੱਤ ਦੇ ਸਮਰਥਕਾਂ ਦਾ ਵਿਚਾਰ ਹੈ ਕਿ ਪੰਜਾਬੀ ਕਹਾਣੀ ਦਾ ਮੁੱਢ ਲੱਭਣ ਲਈ ਸਾਨੂੰ ਆਪਣੀਆਂ ਸਦੀਆਂ ਪੁਰਾਣੀ ਵਿਰਾਸਤ ਨੂੰ ਜਾਂਚਣਾ ਚਾਹੀਦਾ ਹੈ। ਪੰਜਾਬੀ ਕਹਾਣੀ ਨੂੰ ਪੰਜਾਬੀ ਲੋਕ ਕਹਾਣੀ ਵਿੱਚੋਂ ਉਗਸਿਆਂ ਦੱਸਣ ਵਾਲਾ ਸਭ ਤੋਂ ਪਹਿਲਾ ਆਲੋਚਕ ਡਾ: ਸਵਿੰਦਰ ਸਿੰਘ ਉੱਪਲ ਹੈ।[3]

ਜਿਸ ਹੁਨਰੀ ਕਹਾਣੀ ਨੂੰ ਅਸੀਂ ਅੱਜ ਗਲਪ ਦਾ ਨਵੀਨ ਰੂਪ ਮੰਨਦੇ ਹਾਂ, ਉਹ ਅਸਲੀਅਤ ਵਿੱਚ ਪੁਰਾਣੀ ਕਹਾਣੀ ਦਾ ਹੀ ਇੱਕ ਵਿਕਸਿਤ ਰੂਪ ਹੈ। ਉਹ ਪੁਰਾਣੀ ਕਹਾਣੀ ਤੋਂ ਵੱਖਰੀ ਹੁੰਦੀ ਹੋਈ ਵੀ ਵੱਖਰੀ ਨਹੀਂ ਕਹਾਣੀ ਉਦੋਂ ਹੀ ਜਿਆਦਾ ਚਮਕੀ ਜਦੋਂ ਸਾਡੇ ਕਹਾਣੀਕਾਰਾਂ ਨੇ ਪੱਛਮੀ ਕਹਾਣੀ ਵਿਧੀ ਤੋਂ ਪ੍ਰੇਰਣਾ ਤੇ ਅਗਵਾਈ ਲਈ ਪੱਛਮੀ ਕਹਾਣੀ ਦੀ ਤਕਨੀਕ ਨੂੰ ਅਪਣਾਉਣ ਦੀ ਭਰਪੂਰ ਪ੍ਰੇਰਨਾ ਸਭ ਤੋਂ ਪਹਿਲਾਂ ਚਰਨ ਸਿੰਘ ਸ਼ਹੀਦ ਨੇ 'ਹੱਸਦੇ ਹੰਝੂ' ਦੀ ਭੂਮਿਕਾ ਵਿੱਚ ਦਿੱਤੀ।" ਪੰਜਾਬੀਆਂ ਨੂੰ ਆਪਣੀ ਕਹਾਣੀ ਦਾ ਮੁੱਢ ਲੱਭਣ ਸਮੇਂ ਸਦੀਆਂ ਦੀ ਆਪਣੀ ਪੁਰਾਣੀ ਵਿਰਾਸਤ ਨੂੰ ਨਹੀਂ ਭੁੱਲਣਾ ਚਾਹੀਦਾ ਕਿਉਂਕਿ ਬੀਜ ਬਿਨਾਂ ਕੋਈ ਬੂਟਾ ਉਗਮ ਨਹੀਂ ਸਕਦਾ। ਸਾਡੀ ਲੋਕ-ਕਹਾਣੀ ਦਾ ਭਰਪੂਰ ਤੇ ਬੇਇੰਤਹਾ ਖਜ਼ਾਨਾ ਸਾਡੀ ਅਜੋਕੀ ਕਹਾਣੀ ਨੂੰ ਸ਼ਕਤੀ ਦਿੰਦਾ ਹੈ ਅਤੇ ਸਾਬਤ ਕਰਦਾ ਹੈ ਕਿ ਸਦੀਆਂ ਦੀ ਪੁਰਾਣੀ ਪਰੰਪਰਾ ਮੌਜੂਦ ਹੋਣ ਕਾਰਨ ਹੀ ਪੰਜਾਬੀ ਕਹਾਣੀ ਇਸ ਵੇਲੇ ਸਾਡਾ ਸਭ ਤੋਂ ਜ਼ਿਆਦਾ ਸ਼ਕਤੀਸ਼ਾਲੀ ਤੇ ਉੱਤਮ ਸਾਹਿੱਤਕ ਰੂਪ ਬਣੀ ਗਈ ਹੈ। ਇਸ ਨੂੰ ਸੰਸਾਰ ਦੀ ਵਧੀਆਂ ਤੋਂ ਵਧੀਆਂ ਕਹਾਣੀ ਤੇ ਮੁਕਾਬਲੇ ਤੇ ਵਿਸ਼ਵਾਸ ਨਾਲ ਰਖਿਆ ਜਾ ਸਕਦਾ ਹੈ।[4]

ਇਸ ਤਰ੍ਹਾਂ ਕਹਾਣੀ ਦਾ ਇਤਿਹਾਸ ਉਨ੍ਹੀਵੀਂ ਸਦੀ ਦਾ ਪਿਛਲਾ ਅੱਧ ਅਤੇ ਵੀਂਹਵੀ ਸਦੀ ਦੇ ਕੁਝ ਮੁੱਢਲੇ ਦਹਾਕੇ ਪੰਜਾਬੀ ਕਹਾਣੀ ਲਈ ਤਿਆਰੀ ਦਾ ਸਮਾਂ ਸੀ ਪਰ ਸਮੁੱਚੇ ਤੌਰ ਤੇ ਕਹਿ ਸਕਦੇ ਹਾਂ ਕਿ ਪੰਜਾਬੀ ਕਹਾਣੀ ਦਾ ਸਾਹਿੱਤਕ ਪਿਛੋਕੜ ਬਣਾਉਣ ਵਿੱਚ ਸਭ ਤੋਂ ਜ਼ਿਆਦਾ ਹੱਥ ਮਿਸ਼ਨਰੀ ਈਸਾਈ ਪਾਦਰੀਆਂ ਦਾ ਹੈ। ਉਹਨਾਂ ਨੇ ਪੱਛਮੀ ਕਹਾਣੀ ਤਕਨੀਕ ਰਾਹੀਂ ਸਾਡੀ ਕਹਾਣੀ ਦੀ ਨੁਹਾਰ ਘੜੀ, ਭਰਪੂਰ ਲਿਖਤਾਂ ਰਾਹੀ ਸਾਡਾ ਕਹਾਣੀ-ਖਜ਼ਾਨਾ ਅਮੀਰ ਬਣਾਇਆ, ਛਾਪੇਖਾਨੇ ਤੋਂ ਛਪਵਾ ਕੇ ਆਮ ਲੋਕਾਂ ਤੀਕ ਇਸ ਨਵੇਂ ਤਰ੍ਹਾਂ ਦੇ ਸਾਹਿਤ ਨੂੰ ਪਹੁੰਚਾਇਆ। ਮਿਸ਼ਨਰੀਆਂ ਨੇ ਪੰਜਾਬ ਦੇ ਇਲਾਕੇ ਦੀ ਚੋਣ ਬੜੀ ਸੋਚ ਸਮਝ ਨਾਲ ਕੀਤੀ ਸੀ। ਇਸ ਗੱਲ ਦਾ ਪੱਤਾ ਸਾਨੂੰ ਡਾ: ਲੋਰੀ ਦੀ ਲਿਖਤ ਤੋਂ ਪੱਤਾ ਲੱਗਦਾ ਹੈ ਉਸ ਅਨੁਸਾਰ ਇਹ ਇਲਾਕਾ ਇਸ ਕੰਮ ਲਈ ਨਵਾਂ ਤੇ ਅਣਛੋਹਿਆ ਸੀ। ਇੱਥੇ ਦੇ ਵਸਨੀਕ ਚੰਗੀ ਸਿਹਤ ਵਾਲੇ ਆਜ਼ਾਦ ਆਚਰਣ ਤੇ ਵਿਚਾਰਾਂ ਵਿੱਚ ਖੁਲ ਦਿਲੀ ਦੇ ਮਾਲਕ ਹਨ। ਮਿਸ਼ਨਰੀਆਂ ਦੇ ਪ੍ਰਤੀਕਰਮ ਵਜੋਂ ਸਿੰਘ ਸਭਾ ਲਹਿਰ ਦੇ ਪ੍ਰਚਾਰ ਨੇ ਪੰਜਾਬੀ ਕਹਾਣੀ ਦੇ ਸਾਹਿਤਕ-ਪਿਛੋਕੜ ਦੇ ਉਸਰਣ ਵਿੱਚ ਬੜੀ ਸਹਾਇਤਾ ਕੀਤੀ ਹੈ। ਸਮਕਾਲੀ ਸਮਾਜ ਤੇ ਧਰਮ ਸੁਧਾਰ ਦੀ ਲੋੜ ਨੂੰ ਉਹਨਾਂ ਗਲਪ ਸਾਹਿਤ ਨਾਲ ਜੋੜਨਾ ਮੁਨਾਸਬ ਸਮਝਿਆ।

# ਕਹਾਣੀ ਦੇ ਤੱਤ

1. ਵਿਸ਼ਾ ਵਸਤ
2 ਗੋਂਦ
3 ਪਾਤਰ - ਚਿੱਤ੍ਰਣ
4 ਵਾਰਤਾਲਾਪ
5. ਭਾਸ਼ਾ, ਸ਼ੈਲੀ
6. ਉਦੇਸ਼

## ਵਿਸ਼ਾ ਵਸਤੂ:-

ਕਹਾਣੀ ਦਾ ਪ੍ਰਮੁੱਖ ਤੱਤ ਵਿਸ਼ਾ ਵਸਤੂ ਹੈ ਕਿਉਂਕਿ ਕਹਾਣੀ ਵਿੱਚ ਜੀਵਨ ਦਾ ਕੋਈ ਪੱਖ ਆਧਾਰ ਬਣਾਇਆ ਜਾ ਸਕਦਾ ਹੈ ਇਸ ਲਈ ਕਹਾਣੀ ਵਿੱਚ ਲਗਪਗ ਹਰ ਤਰ੍ਹਾਂ ਦੇ ਵਿਸ਼ਿਆਂ ਨੂੰ ਲਿਆ ਜਾ ਸਕਦਾ ਹੈ ਪਰ ਇਸ ਦਾ ਅਰਥ ਇਹ ਵੀ ਨਹੀਂ ਕਿ ਇਸ ਵਿੱਚ ਕੋਈ ਅਰਥਹੀਣ ਅਤੇ ਆਰੋਚਕ ਛਿਣਾਂ ਦੀ ਵਿਆਖਿਆ ਕੀਤੀ ਜਾ ਸਕਦੀ ਹੈ। ਕਹਾਣੀ ਵਿਸ਼ੇ ਉੱਤੇ ਵਿਚਾਰ ਦੋ ਪੱਖਾਂ ਤੋਂ ਕਰਨਾ ਜ਼ਰੂਰੀ ਹੈ-ਵਿਸ਼ੇ ਚੋਣ ਤੇ, ਵਿਸ਼ੇ ਨਿਭਾਅ। ਵਿਸ਼ੇ ਚੋਣ ਪੱਖੋਂ ਕਹਾਣੀਕਾਰ ਲਈ ਕੋਈ ਸੀਮਾ ਨਿਯਤ ਨਹੀਂ। ਉਹ ਜੀਵਨ ਦੇ ਕਿਸੇ ਪਹਿਲੂ ਨੂੰ ਵੀ ਵਿਸ਼ੇ ਵਜੋਂ ਚੁਣ ਸਕਦਾ ਹੈ ਪਰ ਕਹਾਣੀਕਾਰ ਆਪਣੀ ਕਹਾਣੀ ਨੂੰ ਸਮੇਂ ਦੇ ਹਾਣ ਸੀ ਬਣਾਉਣ ਲਈ ਬਦਲਦੇ ਸਮਾਜਿਕ ਤੇ ਰਾਜਨੀਤਿਕ ਹਾਲਤ ਅਨੁਸਾਰ ਵਿਸ਼ੇ ਚੋਣ ਕਰਦਾ ਹੈ। ਜਿੰਨਾ ਕਹਾਣੀ ਦਾ ਵਿਸ਼ਾ ਵਸਤੂ ਮਹਾਨ ਅਤੇ ਵਧੀਆ ਹੋਵੇਗਾ, ਉੱਨੀ ਹੀ ਕਹਾਣੀ ਉੱਤਮ ਬਣ ਸਕੇਗੀ। "ਸਿਆਣਾ ਤੇ ਸੂਝਵਾਨ ਕਹਾਣੀਕਾਰ ਆਪਣੇ ਚੁਣੇ ਵਿਸ਼ੇ ਨੂੰ ਆਪਣੀ ਕਹਾਣੀ ਵਿੱਚ ਯਥਾਰਥਵਾਦੀ ਢੰਗ ਨਾਲ ਪੇਸ਼ ਕਰਦਾ ਹੈ ਕਿਉਂਕਿ ਯਥਾਰਥਵਾਦ ਪਾਠਕ ਦਾ ਵਿਸ਼ਵਾਸ ਤੇ ਸੰਮਤੀ ਜਿੱਤਣ ਵਿੱਚ ਵਧੇਰੇ ਸ਼ਕਤੀ ਰੱਖਦਾ ਹੈ। ਸਮਝਦਾਰ ਲੇਖਕ ਵਾਸਤਵਿਕਤਾ ਨੂੰ ਕਲਪਨਾ ਦੀ ਸਹਾਇਤਾ ਨਾਲ ਯਥਾਰਥ ਵਿੱਚ ਪਲਟਦਾ ਹੈ ਤਾਂ ਕਿ ਉਸ ਦੀ ਦੱਸੀ ਜ਼ਿੰਦਗੀ ਵਸਤੂ ਜਗਤ ਦੇ ਜੀਵਨ ਦੀ ਫੋਟੋਗਰਾਫੀ ਨਾ ਲੱਗੇ।[5]

ਪ੍ਰਤਿਭਾਸ਼ੀਲ ਲੇਖਕ ਰੋਗੀ ਵਿਸ਼ੇ ਨੂੰ ਚੁਣ ਕੇ ਵੀ ਅਰੋਗੀ ਤੇ ਸੁਖਾਵਾਂ ਪ੍ਰਭਾਵ ਪਾ ਸਕਦਾ ਹੈ। ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਵਿਸ਼ਾ ਕਹਾਣੀ ਦੀ ਪਹਿਲੀ ਤੇ ਮੁੱਢਲੀ ਲੋੜ ਹੈ ਜਿਸ ਨੂੰ ਕਹਾਣੀਕਾਰ ਆਪਣੇ ਦ੍ਰਿਸ਼ਟੀਕੋਣ ਰਾਹੀਂ ਵੱਖ-ਵੱਖ ਤਰੀਕਿਆਂ ਨਾਲ ਪੇਸ਼ ਕਰ ਸਕਦਾ ਹੈ। ਅਜੋਕੇ ਯੁੱਗ ਵਿੱਚ ਵਿਸ਼ੇ ਦੀ ਮਹਾਨਤਾ ਬਹੁਤ ਵੱਧ ਗਈ ਹੈ ਕਿਉਂਕਿ ਲੇਖਕ ਦੇ ਨਾਲ-ਨਾਲ ਪਾਠਕ ਵੀ ਪੜ੍ਹ ਲਿਖ ਕੇ ਸਿਆਣੇ ਹੋ ਗਏ ਹਨ। ਵਿਸ਼ੇ ਵਿਧਾਨ ਕਹਾਣੀ ਵਿੱਚ ਬੌਧਿਕਤਾ ਦਾ ਪ੍ਰਭਾਵ ਜ਼ਿਆਦਾ ਪੈਂਦਾ ਹੈ ਕਿਉਂਕਿ ਲੇਖਕ ਕਿਸੇ ਬੌਧਿਕ ਵਿਸ਼ੇ ਨੂੰ ਤਰਕਾਂ ਤੇ ਦਲੀਲਾਂ ਰਾਹੀ ਉਸਾਰਦਾ ਹੈ।

# ਗੋਂਦ:-

"ਗੋਂਦ ਕਹਾਣੀ ਦੇ ਤੱਤਾਂ ਨੂੰ ਜੋੜਨ ਦਾ ਕੰਮ ਕਰਦੀ ਹੈ। ਇਹ ਉਹ ਸੂਈ ਹੈ ਜੋ ਵੱਖੋ-ਵੱਖਰੇ ਰੰਗਾਂ ਦੇ ਫੁੱਲਾਂ ਨੂੰ ਧਾਗੇ ਵਿੱਚ ਪਰੋ ਕੇ ਇੱਕ ਕਹਾਣੀ ਦਾ ਸੁੰਦਰ ਜਿਹਾ ਹਾਰ ਤਿਆਰ ਕਰ ਵਿਖਾਂਦੀ ਹੈ।[6]

ਦੂਜੇ ਸ਼ਬਦਾਂ ਵਿੱਚ ਘਟਨਾਵਾਂ ਦੀ ਤਰਤੀਬ ਨੂੰ ਪਲਾਟ ਆਖਦੇ ਹਨ। ਕਹਾਣੀ ਅੰਦਰ ਕਿਸੇ ਗੋਂਦ ਜਾਂ ਪਲਾਟ ਦਾ ਹੋਣਾ ਜਰੂਰੀ ਹੈ ਪਰ ਖਾਲੀ ਘਟਨਾਵਾਂ ਦਾ ਸਮੂਹ ਪਲਾਟ ਦੀ ਸਿਰਜਣਾ ਨਹੀਂ ਕਰਦਾ। ਕਹਾਣੀ ਨੂੰ ਰੋਚਿਕ ਤੇ ਬਲਵਾਨ ਬਣਾਉਣ ਲਈ ਘਟਨਾਵਾਂ ਦੀ ਕਾਂਟ-ਛਾਂਟ ਉਹਨਾਂ ਦੀ ਯੋਜਨਾਬੰਦੀ, ਲਟਕਾਉ ਭਰਪੂਰਤਾ ਦਾ ਗੁਣ ਭਰਨ ਲਈ, ਉੱਚਾ ਤੋੜ ਕਾਇਮ ਕਰਨ ਲਈ, ਕਹਾਣੀ ਦੀ ਚਾਲ ਬੰਨਣ ਲਈ ਇਸ ਦਾ ਸਹੀ ਆਦਿ, ਮੱਧ, ਅੰਤ, ਕਰਨ ਲਈ ਹਰ ਜ਼ਰੂਰੀ ਉੱਦਮ ਦਾ ਵਿਚਾਰ ਤੇ ਉਸ ਦੀ ਵਰਤੋਂ ਕਰਨੀ ਜ਼ਰੂਰੀ ਹੈ। ਇਹ ਗੋਂਦ ਕਾਰੀ ਦੀ ਕਲਾ ਹੈ ਜੋ ਕਹਾਣੀ ਦੀ ਜਿੰਦਜਾਨ ਹੈ। ਇਹ ਗੋਂਦ ਹੀ ਹੈ ਜੋ ਪਾਤਰ-ਪ੍ਰਧਾਨ ਕਹਾਣੀ ਨੂੰ ਇੱਕ ਕਲਾਤਮਕ ਗੋਲਾਈ ਬਖਸ਼ ਕੇ ਉਸ ਨੂੰ ਖਾਕਾ ਬਣਨ ਤੋਂ ਬਚਾ ਲੈਂਦੀ ਹੈ। ਸੰਜਮ ਦਾ ਖਿਆਲ ਰੱਖਣ ਦੇ ਬਾਵਜੂਦ ਇੱਕ ਕਹਾਣੀਕਾਰ ਦਾ ਇਹ ਕਲਾਤਮਕ-ਫਰਜ਼ ਬਣਦਾ ਹੈ ਕਿ ਉਸ ਦੀ ਕਹਾਣੀ ਵਿੱਚਲੀ ਗੋਂਦ ਸੰਪੂਰਨਤਾ ਦਾ ਪ੍ਰਭਾਵ ਪਾਵੇ। ਇਸ ਪ੍ਰਕਾਰ ਸੰਜਮ ਦੀ ਸਹੀ ਸਹਾਇਤਾ ਨਾਲ ਗੋਂਦ ਨੂੰ ਕਹਾਣੀ ਦਾ ਆਕਾਰ ਸੀਮਤ ਰੱਖਣ ਲਈ ਮੱਦਦਗਾਰ ਬਣਾਇਆ ਜਾਂ ਸਕਦਾ ਹੈ। ਕਹਾਣੀਕਾਰ ਇੱਕ ਕਹਾਣੀ ਵਿੱਚ ਲੋੜਵੰਦੀ ਸਮੱਗਰੀ ਦੀ ਹੀ ਵਰਤੋਂ ਕਰਦਾ ਹੈ।

"ਗੋਂਦ ਵਿੱਚਲੀ ਨਵੀਨਤਾ ਇੱਕ ਐਸਾ ਗੁਣ ਹੈ ਜੋ ਆਪਣੇ ਕਰਤਾ ਨੂੰ ਬਾਕੀਆਂ ਤੋਂ ਨਿਖੇੜਨ ਤੇ ਵੱਖਰਾ ਦਿਸਣ ਵਿੱਚ ਮੱਦਦ ਕਰਦੀ ਹੈ। ਗੋਂਦ ਘੜਨ ਵੇਲੇ ਕਹਾਣੀਕਾਰ ਨੂੰ ਇਸ ਤੋਂ ਹਮੇਸ਼ਾ ਸੁਚੇਤ ਰਹਿਣਾ ਚਾਹੀਦਾ ਹੈ ਕਿ ਉਸ ਦੀ ਗੋਂਦ ਪਾਠਕ ਨੂੰ ਪੂਰੀ ਤਰ੍ਹਾਂ ਯਥਾਰਥਵਾਦੀ ਲੱਗੇ। ਉਸ ਦੀ ਹਰ ਘਟਨਾ ਸਥਿਤੀ ਅਤੇ ਉਸ ਦੇ ਸਾਰੇ ਪਾਤਰ ਸੱਚ ਮੁੱਚਲੀ ਜਾਂ ਵਾਸਤਵਿਕ ਜ਼ਿੰਦਗੀ ਦੇ ਨੇੜੇ ਲੱਗਣ ਯਥਾਰਥਵਾਦ ਵਸਤੂ ਜਗਤ ਦੇ ਜੀਵਨ ਮਸਲਿਆਂ ਨੂੰ ਸਮਝਣ ਅਤੇ ਫਿਰ ਉਹਨਾਂ ਨੂੰ ਗਲਪਕ ਜੀਵਨ ਵਿੱਚ ਮੁੜ ਸਿਰਜਣ ਦਾ ਉਹ ਝੁਕਾਅ ਹੈ ਜੋ ਸਹਿਜਤਾ ਅਤੇ ਕੁਦਰਤੀ ਪਣ ਦਾ ਪ੍ਰਭਾਵ ਪਾਉਣ ਵਿੱਚ ਸਫਲ ਹੋ ਨਿਬੜੇ। ਕਿਸੇ ਵੀ ਕਹਾਣੀ ਦੀ ਗੋਂਦ ਦੀ ਨਿਪੁੰਨਤਾ, ਮੌਕਾ ਮੇਲਾ ਦੀ ਗਿਣਤੀ ਤੇ ਨਿਰਭਰ ਕਰਦੀ ਹੈ। ਇਸ ਦੀ ਬਹੁਤਾਤ ਗੋਂਦ ਨੂੰ ਕਮਜ਼ੋਰ ਤੇ ਨਿਕੰਮਾ ਬਣਾ ਦਿੰਦੀ ਹੈ। ਗੋਂਦ ਦੀ ਅਸਲੀ ਖ਼ੂਬੀ ਉਸ

ਵਿੱਚ ਮਿਲਣ ਵਾਲੀ ਲਗਾਤਾਰਤਾ ਹੈ। ਘਟਨਾਵਾਂ ਸਥਿਤੀਆਂ ਪਾਤਰ ਆਪਸ ਵਿੱਚ ਸੰਗਲੀ ਦੀਆਂ ਕੜੀਆਂ ਵਾਂਗ ਜੁੜੇ ਹੋਣੇ ਚਾਹੀਦੇ ਹਨ। ਗੋਂਦ ਕਿਧਰੇ ਟੁਟੀ ਹੋਣ ਜਾਂ ਅਣਜੁੜੀ ਰਹਿਣ ਦਾ ਪ੍ਰਭਾਵ ਨਾ ਪਾਵੇ"।[7]

ਸੁੱਚਜੀ ਗੋਂਦ ਸੂਝ ਮਿਹਨਤ ਦੀ ਮੰਗ ਕਰਦੀ ਹੈ। ਸਹੀ ਗੋਂਦਕਾਰੀ ਲਈ ਪ੍ਰਪਾਤ ਘਟਨਾ ਸਾਮੱਗਰੀ ਦੀ ਘੋਖ ਕਰਨੀ ਪੈਂਦੀ ਹੈ।

## ਪਾਤਰ ਉਸਾਰੀ:-

ਨਾਵਲ ਅਤੇ ਨਾਟਕ ਵਾਂਗ ਕਹਾਣੀ ਵਿੱਚ ਵੀ ਕੁਝ ਨਾ ਕੁਝ ਪਾਤਰ ਉਸਾਰੀ ਕੀਤੀ ਜਾਂਦੀ ਹੈ। ਕਹਾਣੀ ਭਾਵੇਂ ਕਿਸੇ ਕਿਸਮ ਦੀ ਹੋਵੇ ਉਸ ਵਿੱਚ ਪਾਤਰ-ਚਿਤਰਨ ਦਾ ਮੱਹਤਵ ਨਿਰੰਤਰ ਰੂਪ ਵਿੱਚ ਕਾਇਮ ਰਹਿੰਦਾ ਹੈ। ਜਿੱਥੇ ਨਾਵਲ ਵਿੱਚ ਪਾਤਰਾਂ ਦੀ ਗਿਣਤੀ ਬਹੁਤੀ ਹੁੰਦੀ ਹੈ ਅਤੇ ਪਾਤਰ ਚਿਤਰਨ ਵਿਸਥਾਰ ਵਿੱਚ ਕੀਤਾ ਜਾਂਦਾ ਹੈ ਉੱਥੇ ਕਹਾਣੀ ਅੰਦਰ ਕਲਾਤਮਕ ਛੋਹਾਂ ਨਾਲ ਹੀ ਇਸ ਨੂੰ ਚਿਤਰਿਆ ਜਾਂਦਾ ਹੈ। ਇਸ ਵਿੱਚ ਪਾਤਰਾਂ ਦੀ ਗਿਣਤੀ ਵੀ ਸੀਮਤ ਹੁੰਦੀ ਹੈ। ਕਹਾਣੀ ਵਿੱਚ ਪਾਤਰ ਖੜੋਤ ਕਿਸਮ ਦੇ ਨਾ ਲਏ ਜਾਣ ਜਿਨ੍ਹਾਂ ਵਿੱਚ ਬਦਲਦੀ ਹਾਲਤ ਵਿੱਚ ਪਰਿਵਰਤਨ ਹੀ ਨਾ ਆਵੇ। ਸਗੋਂ ਹਾਲਾਤ ਅਨੁਸਾਰ ਬਦਲਣ ਵਾਲੇ ਅਤੇ ਵਿਕਸਿਤ ਹੁਣ ਵਾਲੇ ਪਾਤਰ ਹੀ ਲਏ ਜਾਣ। ਗੋਂਦ ਵਾਂਗ ਪਾਤਰ ਦਾ ਵੀ ਕਹਾਣੀ ਵਿੱਚ ਬੜਾ ਮਹੱਤਵ ਹੈ। ਪਾਤਰ ਬਿਨਾਂ ਕੋਈ ਕਹਾਣੀ ਲਿਖੀ ਨਹੀਂ ਜਾ ਸਕਦੀ ਕਿਉਂਕਿ ਹਰ ਕਹਾਣੀ ਨੇ ਕੋਈ ਨਾ ਕੋਈ ਜੀਵਨ ਤਾਂ ਪੇਸ਼ ਕਰਨਾ ਹੀ ਹੁੰਦਾ ਹੈ ਅਤੇ ਉਹ ਜੀਵਨ ਪਾਤਰ ਦੀ ਹੋਂਦ ਬਿਨਾਂ ਪੇਸ਼ ਨਹੀਂ ਕੀਤਾ ਜਾਂ ਸਕਦਾ ਹੈ। ਇਹ ਜ਼ਰੂਰੀ ਨਹੀਂ ਕਿ ਕਹਾਣੀ ਦਾ ਪਾਤਰ ਜਾਨਦਾਰ ਹੋਵੇ ਬੇਜਾਨ ਜਾਪਣ ਵਾਲੀ ਵਸਤੂ ਨੂੰ ਵੀ ਜਾਨਦਾਰ ਬਣਾ ਕੇ ਪਾਤਰ ਥਪਿਆ ਜਾਂ ਸਕਦਾ ਹੈ। ਉਸ ਦਾ ਮਨੁੱਖੀ ਕਰਨ ਕਰਕੇ ਉਸ ਨੂੰ ਜ਼ਬਾਨ ਦਿਮਾਗ ਦਿੱਤਾ ਜਾਂ ਸਕਦਾ ਹੈ। ਇਸ ਵਿੱਚ ਸਾਡੀ ਮੱਦਦ ਲੇਖਕ ਵਲੋਂ ਪੇਸ਼ ਕੀਤਾ ਗਿਆ ਪਾਤਰਾਂ ਦਾ ਮਨੋਵਿਸ਼ਲੇਸ਼ਣ ਕਰਦਾ ਹੈ। ਇੱਕ ਕਹਾਣੀ ਵਿੱਚ ਹਰ ਪਾਤਰ ਦਾ ਆਮ ਤੌਰ ਤੇ ਪ੍ਰਮੁੱਖ ਪਹਿਲੂ ਹੀ ਪੇਸ਼ ਕੀਤਾ ਜਾਂ ਸਕਦਾ ਹੈ। ਪਾਤਰ-ਚਿਤਰਨ ਦੇ ਹਰ ਸਮੇਂ ਨਵੇਂ ਤੋਂ ਨਵੇਂ ਪ੍ਰਯੋਗ ਕਹਾਣੀਕਾਰਾਂ ਰਾਹੀਂ ਹੁੰਦੇ ਰਹਿੰਦੇ ਹਨ।

## ਵਾਰਤਾਲਾਪ:-

ਜਿਸ ਭਾਸ਼ਾ ਵਿੱਚ ਕਹਾਣੀ ਵਿਚਲਾ ਬਿਰਤਾਂਤ, ਘਟਨਾਵਾਂ, ਪਾਤਰਾਂ ਦਾ ਲੇਖਕ ਵੱਲੋਂ ਚਿਤਰਨ ਕੀਤਾ ਜਾਂਦਾ ਹੈ, ਉਸ ਨੂੰ ਵਾਰਤਾਲਾਪ ਆਖਦੇ ਹਨ। ਕਹਾਣੀ ਦੀ ਭਾਸ਼ਾ ਸਰਲ ਸ਼ੁੱਧ ਅਤੇ ਸਪਸ਼ਟ ਹੋਣੀ ਚਾਹੀਦਾ ਹੈ। ਸ਼ਬਦਾਂ ਦੀ ਢੁੱਕਵੀਂ ਵਰਤੋਂ ਭਾਸ਼ਾ ਵਿੱਚ ਇੱਕ ਖਾਸ ਕਿਸਮ ਦਾ ਸੁਹਜ ਪੈਦਾ ਕਰ ਦਿੰਦੀ ਹੈ ਜੋ ਇੱਕ ਸਫਲ ਕਹਾਣੀ ਲਈ ਬਹੁਤ ਜ਼ਰੂਰੀ ਹੈ। ਕਹਾਣੀ ਇੱਕ ਤਰ੍ਹਾਂ ਨਾਲ ਸ਼ਾਬਦਿਕ ਖੇਡ ਹੈ ਕਿਸੇ ਕਹਾਣੀ ਲੇਖਕ ਦਾ ਭਾਸ਼ਾ ਗਿਆਨ ਜਿੰਨਾ ਵੀ ਵਿਸ਼ਾਲ ਹੋਵੇਗਾ, ਉਨਾ ਹੀ ਵਧੀਆ ਵਰਣਨ ਉਹ ਕਰ ਸਕੇਗਾ ਪਰ ਕਹਾਣੀ ਦੀ ਭਾਸ਼ਾ ਵਿਆਕਰਨਕ ਨਾ ਹੋ ਕੇ ਕਹਾਣੀ ਦੀ ਵਿਆਕਰਨ ਅਨੁਸਾਰ ਹੁੰਦੀ ਹੈ ਪਰੰਤੂ ਪਾਤਰਾਂ ਦੀ ਆਪਸੀ ਗੱਲਬਾਤ ਨੂੰ ਵਾਰਤਾਲਾਪ ਕਿਹਾ ਜਾਂਦਾ

ਹੈ। ਕਹਾਣੀ ਵਿੱਚ ਵਾਰਤਾਲਾਪ ਦਾ ਮਹੱਤਵ ਕਹਾਣੀ ਦਾ ਸਿਖਰ ਜਾਂ ਅਤੰ ਤੇ ਪਹੁੰਚ ਕੇ ਵੱਧ ਜਾਂਦਾ ਹੈ ਕਿਉਂਕਿ ਕੋਈ ਨਾ ਕੋਈ ਚਮਤਕਾਰੀ ਦ੍ਰਿਸ਼ ਵਾਰਤਾਲਾਪ ਰਾਹੀਂ ਹੀ ਸੰਭਵ ਹੋ ਸਕਦੀ ਹੈ । ਕਹਾਣੀ ਵਿੱਚ ਵਾਰਤਾਲਾਪ ਕਈ ਕੰਮ ਕਰਦੀ ਹੈ ਇਹ ਵਿਸ਼ੇ ਉਘਾੜਦੀ ਹੈ, ਕਥਾ ਵਸਤੂ ਨੂੰ ਅੱਗੇ ਤੋਰਦੀ ਹੈ, ਪਾਤਰਾਂ ਦਾ ਚਰਿੱਤਰ ਉਭਾਰਦੀ ਹੈ। ਵਰਣਨ ਵਿੱਚ ਰੋਚਕਤਾ ਤੇ ਪ੍ਰਵਾਹ ਪੈਦਾ ਕਰਨ ਵਿੱਚ ਸਹਾਇਤਾ ਕਰਦੀ ਹੈ ਅਤੇ ਵਾਤਾਵਰਨ ਉਸਾਰਨ ਵਿੱਚ ਸਹਾਇਤਾ ਕਰਦੀ ਹੈ। ਸਫਲ ਵਾਰਤਾਲਾਪ ਲਈ ਜ਼ਰੂਰੀ ਹੈ ਕਿ ਉਹ ਪਾਤਰਾਂ ਦੇ ਸੁਭਾਵਾਂ, ਘਟਨਾਵਾਂ ਦੀ ਸਥਿਤੀ ਅਤੇ ਵਾਤਾਵਰਨ ਦੇ ਅਨੁਕੂਲ ਹੋਵੇ। ਇਸ ਤੋਂ ਬਿਨਾਂ ਵਾਰਤਾਲਾਪ ਰੋਚਕ ਵੀ ਹੋਣੀ ਚਾਹੀਦੀ ਹੈ ਛੋਟੇ ਅਤੇ ਭਾਵ ਪੂਰਤ ਵਾਕ ਸਫਲ ਵਾਰਤਾਲਾਪ ਦੇ ਗਹਿਣੇ ਹਨ।

## ਵਾਤਾਵਰਨ:

“ਵਾਤਾਵਰਨ ਕਹਾਣੀ ਦਾ ਜ਼ਰੂਰੀ ਅਤੇ ਅਨਿੱਖੜਵਾਂ ਹਿੱਸਾ ਹੈ। ਕੋਈ ਕਹਾਣੀ ਵਾਤਾਵਰਨ ਤੋਂ ਬਿਨਾਂ ਨਹੀ ਲਿਖੀ ਜਾਂ ਸਕਦੀ ਹੈ। ਇਹ ਵੱਖਰੀ ਗੱਲ ਹੈ ਕਿ ਕਿਸੇ ਕਹਾਣੀ ਵਿੱਚ ਵਾਤਾਵਰਨ ਜ਼ਿਆਦਾ ਹੋਵੇ ਤੇ ਕਿਸੇ ਵਿੱਚ ਘੱਟ”।[8]

ਵਾਤਾਵਰਨ ਨੂੰ ਆਮ ਤੌਰ ਤੇ ਲੇਖਕ ਵਿਸ਼ੇ ਨਿਭਾਅ ਅਤੇ ਪਾਤਰ ਉਸਾਰੀ ਲਈ ਵਰਤਦਾ ਹੈ। ਕਹਾਣੀ ਵਿੱਚ ਦ੍ਰਿਸ਼ ਚਿਤਰਨ ਅਤੇ ਵਾਤਾਵਰਨ ਦਾ ਆਪਣਾ ਸਥਾਨ ਹੈ। ਇਸ ਦੀ ਲੋੜ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਕਹਾਣੀ ਵਿੱਚ ਦੇਸ਼ ਕਾਲ ਅਤੇ ਵਾਤਾਵਰਨ ਦਾ ਚਿਤਰਣ ਸੁਭਾਵਿਕ, ਦਿਲ ਖਿੱਚਵਾਂ ਅਤੇ ਪਾਤਰਾਂ ਦੀ ਮਾਨਸਿਕ ਹਾਲਤ ਦੇ ਅਨੁਕੂਲ ਹੋਣਾ ਚਾਹੀਦਾ ਹੈ। ਵਾਤਾਵਰਨ ਹਰ ਕਹਾਣੀ ਵਿੱਚ ਹਰ ਥਾਂ ਵਿਕਸਿਤ ਪ੍ਰਕ੍ਰਿਆ ਵਿੱਚ ਹੁੰਦਾ ਹੈ। ਇਹ ਕਹਾਣੀ ਦਾ ਮੁੱਢ ਨਾਲ ਸ਼ੁਰੂ ਹੁੰਦਾ ਹੈ ਅਤੇ ਕਹਾਣੀ ਦੇ ਅੰਤ ਵਿੱਚ ਖਤਮ। ਵਿਸ਼ੇ ਅਨੁਸਾਰ ਵਾਤਾਵਰਨ ਰਾਜਨੀਤਿਕ, ਧਾਰਮਕ ਜਾਂ ਸਮਾਜਕ ਵੀ ਹੋ ਸਕਦਾ ਹੈ। ਵਾਤਾਵਰਨ ਦਾ ਸੰਬੰਧ ਸਥਾਨ, ਸਥਿਤੀ, ਅਤੇ ਦੇਸ਼ ਨਾਲ ਹੁੰਦਾ ਹੈ। ਕਹਾਣੀ ਵਿੱਚ ਵਾਤਾਵਰਨ ਪੇਂਡੂ ਵੀ ਹੋ ਸਕਦਾ ਹੈ ਅਤੇ ਸ਼ਹਿਰੀ ਵੀ।

## ਭਾਸ਼ਾ ਜਾਂ ਸ਼ੈਲੀ:-

ਕਹਾਣੀ ਦਾ ਮੁੱਖ ਤੱਤ ਸ਼ੈਲੀ ਵੀ ਹੈ । ਕਹਿਣ ਦੇ ਢੰਗ ਜਾਂ ਪ੍ਰਗਟਾਅ ਢੰਗ ਨੂੰ ਸ਼ੈਲੀ ਕਿਹਾ ਜਾਂਦਾ ਹੈ। ਸ਼ੈਲੀ ਹਰ ਮਨੁੱਖ ਦੀ ਨਿੱਜੀ ਅਤੇ ਮੌਲਿਕ ਹੁੰਦੀ ਹੈ। ਕਹਾਣੀ ਵਿੱਚ ਕਹਾਣੀਕਾਰ ਦੀ ਸ਼ਖਸੀਅਤ ਛੁਪੀ ਹੁੰਦੀ ਹੈ। ਇਹ ਇਸ ਦੀ ਸ਼ੈਲੀ ਵਿੱਚੋਂ ਵੇਖੀ ਜਾ ਸਕਦੀ ਹੈ। ਸ਼ੈਲੀ ਨੂੰ ਵਧੀਆ ਬਣਾਉਣ ਲਈ ਕਹਾਣੀਕਾਰ ਅੰਦਰ ਵਰਣਨ ਸ਼ਕਤੀ ਬੁਹਤ ਹੀ ਜ਼ਿਆਦਾ ਜ਼ੋਰਦਾਰ ਹੋਣੀ ਚਾਹੀਦੀ ਹੈ। ਸ਼ੈਲੀ ਕਾਰਨ ਹੀ ਲੇਖਕ ਪਛਾਣਿਆ ਜਾਂਦਾ ਹੈ। ਭਾਸ਼ਾ ਦੋ ਤਰ੍ਹਾਂ ਦੀ ਹੁੰਦੀ ਹੈ ਇੱਕ ਬੋਲ-ਚਾਲ ਵਾਲੀ ਦੂਜੀ ਸਾਹਿਤਕ। ਕਹਾਣੀਕਾਰ ਆਪਣੀ ਸਮੱਗਰੀ ਅਤੇ ਲੋੜ ਅਨੁਸਾਰ ਆਪਣੇ ਪਾਤਰਾਂ ਦੇ ਵਾਰਤਾਲਾਪ ਲਈ ਬੋਲ ਚਾਲ ਅਤੇ ਆਪਣੇ ਵਿਚਾਰਾਂ ਜਾਂ ਵਰਣਨ ਲਈ ਸਾਹਿਤਕ ਬੋਲੀ ਦੀ ਵਰਤੋਂ ਕਰਦਾ

ਹੈ। ਕਹਾਣੀ ਵਿੱਚ ਸ਼ੈਲੀ ਦਾ ਪਹਿਲਾ ਕੰਮ ਹੈ ਰੌਚਿਕਤਾ ਲਿਆਉਣੀ ਤਾਂ ਕਿ ਪਾਠਕ ਨੂੰ ਕਹਾਣੀ ਪੜ੍ਹਨ ਲਈ ਪ੍ਰੇਰ ਸਕੇ। ਸ਼ੈਲੀ ਭਾਸ਼ਾ ਦੇ ਸ਼ਬਦਾ ਰਾਹੀਂ ਆਪਣੀ ਵਿਸ਼ੇ ਲੋੜ ਅਨੁਸਾਰ ਪ੍ਰਗਟਾਵਾ ਗ੍ਰਹਿਣ ਕਰਦੀ ਹੈ।

## ਉਦੇਸ਼-

" ਉਦੇਸ਼ ਕਹਾਣੀ ਦਾ ਮੁੱਢਲਾ ਤੇ ਸਭ ਤੋਂ ਮਹੱਤਵਪੂਰਨ ਅੰਗ ਹੈ। ਜਿਹੜਾ ਸਰੀਰ ਵਿੱਚਲੀ ਆਤਮਾ ਵਾਂਗ ਕਹਾਣੀ ਵਿੱਚ ਹਰ ਥਾਂ ਪਸਰਿਆ ਹੁੰਦਾ ਹੈ। ਉਦੇਸ਼ ਦੀ ਧੜਕਣ ਕਹਾਣੀ ਦੇ ਹਰ ਅੰਗ ਵਿੱਚੋਂ ਸੁਣੀ ਜਾਂ ਸਕਦੀ ਹੈ ਭਾਵੇਂ ਉਹ ਗੋਂਦ ਹੈ, ਪਾਤਰ ਹਨ, ਵਾਰਤਾਲਾਪ ਹੈ, ਵਿਸ਼ਾ ਹੈ ਜਾਂ ਵਾਤਾਵਰਨ। ਇਨ੍ਹਾਂ ਸਾਰਿਆਂ ਦੀ ਘਾੜਤ ਸਿਆਣਾ ਕਹਾਣੀਕਾਰ ਬੜੀ ਸਮਝ ਨਾਲ ਆਪਣੇ ਚੁਣੇ ਉਦੇਸ਼ ਅਨੁਕੂਲ ਹੀ ਕਰਦਾ ਹੈ"।[9]

ਆਪਣੇ ਉਦੇਸ਼ ਦਾ ਪ੍ਰਗਟਾਵਾਂ ਲੇਖਕ ਘਟਨਾਵਾਂ ਜਾਂ ਪਾਤਰਾਂ ਦੇ ਕਾਰਜ ਦੁਆਰਾ ਹੀ ਕਰਦੇ ਹਨ। ਅਜੋਕੀ ਕਹਾਣੀ ਵਿੱਚ ਮਨੁੱਖੀ ਸੁਭਾਅ ਨੂੰ ਪੇਸ਼ ਕਰਨਾ ਕਹਾਣੀ ਦਾ ਵਿਸ਼ਸ਼ੇ ਮੰਤਵ ਹੈ। ਇਹ ਗੱਲ ਬਿਲਕੁਲ ਸਹੀ ਹੈ ਕਿ ਨਿੱਕੀ ਕਹਾਣੀ ਵਿੱਚ ਸੰਪੂਰਨ ਜ਼ਿੰਦਗੀ ਦੀ ਵਿਆਖਿਆ ਤਾਂ ਨਹੀਂ ਹੋ ਸਕਦੀ ਹੈ ਪਰ ਜ਼ਿੰਦਗੀ ਦੇ ਕਿਸੇ ਇੱਕ ਖਾਸ ਨਜ਼ਰੀਏ ਨਾਲ ਚਾਨਣਾ ਪਾਇਆ ਜਾ ਸਕਦਾ ਹੈ। ਇਸ ਲਈ ਕਹਾਣੀ ਦਾ ਮੁੱਖ ਮੰਤਵ ਇਹੋ ਹੋ ਸਕਦਾ ਹੈ ਕਿ ਉਹ ਮਨੁੱਖੀ ਜੀਵਨ ਦੀ ਵਿਆਖਿਆ ਕਰੇ। ਕੁਝ ਵੀ ਹੋਵੇ, ਉਦੇਸ਼ ਦਾ ਪ੍ਰਗਟਾਵਾ ਕਦੇ ਵੀ ਸਿੱਧਾ ਪ੍ਰਚਾਰ ਨਹੀਂ ਬਣਨਾ ਚਾਹੀਦਾ । ਕਹਾਣੀ ਵਿੱਚ ਉਸਦਾ ਆਸ਼ਾ ਆਪਣੇ ਆਪ ਉਘੜਣਾ ਚਾਹੀਦਾ ਹੈ ਅਤੇ ਉਸ ਨੂੰ ਬਿਆਨ ਕਰਕੇ ਜ਼ਬਰਦਸਤੀ ਲਿਆਉਣ ਦਾ ਯਤਨ ਨਹੀਂ ਕਰਨਾ ਚਾਹੀਦਾ।

# ਹਵਾਲੇ ਅਤੇ ਟਿੱਪਣੀਆਂ


1. ਡਾ. ਸਵਿੰਦਰ ਸਿੰਘ ਉੱਪਲ, ਪੰਜਾਬੀ ਕਹਾਣੀ ਸਰੂਪ, ਸਿਧਾਂਤ ਤੇ ਵਿਕਾਸ, ਪੰਨਾ-16
2. ਉਹੀ, ਪੰਨਾ-18
3. ਉਹੀ, ਪੰਨਾ-261
4. ਉਹੀ, ਪੰਨਾ-264
5. ਉਹੀ, ਪੰਨਾ-103
6. ਉਹੀ, ਪੰਨਾ-105
7. ਉਹੀ, ਪੰਨਾ-107
8. ਉਹੀ, ਪੰਨਾ-113
9. ਉਹੀ, ਪੰਨਾ-122

# ਅਧਿਆਇ ਦੂਜਾ

# ਵਰਿਆਮ ਸਿੰਘ ਸੰਧੂ ਦਾ ਜੀਵਨ ਤੇ ਰਚਨਾ ਸੰਸਾਰ

ਵਰਿਆਮ ਸਿੰਘ ਸੰਧੂ ਦਾ ਜਨਮ 10 ਸਤੰਬਰ, 1945 ਨੂੰ ਪਿੰਡ ਚਵਿੰਡਾ ਕਲਾਂ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ। ਉਸਦੇ ਪਿਤਾ ਦਾ ਨਾਮ ਸਰਦਾਰ ਦੀਦਾਰ ਸਿੰਘ ਹੈ ਜਿਸ ਦੇ ਵੱਡੇ-ਵਡੇਰੇ ਲਾਹੌਰ ਖੇਤਰ ਦੇ ਸਨ। ਉਸ ਦਾ ਮੁੱਢਲਾ ਜੀਵਨ ਆਪਣੇ ਮਾਮੇ ਪਾਸ ਨਾਨਕੇ ਪਿੰਡ ਹੀ ਬਤੀਤ ਹੋਇਆ। ਵਰਿਆਮ ਸਿੰਘ ਸੰਧੂ ਦੇ ਪਿਉ ਦੀ ਮੌਤ ਉਸ ਦੀ ਛੋਟੀ ਉਮਰ ਵਿੱਚ ਹੀ ਹੋ ਗਈ ਸੀ। ਪਿਤਾ ਦੀ ਮੌਤ ਪਿੱਛੋਂ ਸੰਧੂ ਦੀ ਮਾਂ, ਤਿੰਨ ਭੈਣਾਂ, ਇੱਕ ਛੋਟਾ ਭਰਾ ਨਿਮਨ ਕਿਸਾਨੀ ਵਾਲੀਆਂ ਜਟਿਲ ਸਮੱਸਿਆਵਾਂ ਦਾ ਸ਼ਿਕਾਰ ਹੋ ਗਏ ਵੱਡਾ ਪੁੱਤਰ ਹੋਣ ਦੇ ਨਾਤੇ ਵਰਿਆਮ ਸੰਧੂ ਉਪੱਰ ਇਸ ਸੰਕਟ ਗ੍ਰਸਤ ਪਰਿਵਾਰ ਦੀਆਂ ਆਰਥਕ ਔਕੜਾਂ ਦਾ ਬੋਝ ਪਿਆ। ਪ੍ਰਚਲਿਤ ਕਦਰਾਂ ਅਨੁਸਾਰ ਸੰਧੂ ਦੀਆਂ ਵੱਡੀਆਂ ਦੋਵੇਂ ਭੈਣਾਂ ਅਨਪੜ੍ਹ ਰਹਿ ਗਈਆਂ। ਬਾਅਦ ਵਿੱਚ ਵਿਦਿਆ ਦੇ ਪਾਸਾਰ ਸਦਕਾ ਬਦਲ ਰਹੀਆਂ ਪੇਂਡੂ ਕਦਰਾਂ ਦੇ ਬਾਵਜੂਦ ਛੋਟੀ ਭੈਣ ਮਸਾਂ ਦਸਵੀਂ ਤੱਕ ਪੜ੍ਹ ਸਕੀ। ਦੋਵਾਂ ਭਰਾਵਾਂ ਨੂੰ ਪੜ੍ਹਨੇ ਪਾਇਆ ਗਿਆ ਪਰ ਵਿਅਕਤੀਗਤ ਤੌਰ ਤੇ ਸੁਚੇਤ ਹੋਣ ਕਾਰਣ ਸੰਧੂ ਪੜ੍ਹ ਸਕਿਆ ਛੋਟਾ ਭਰਾ ਪੜ੍ਹਨੋਂ ਹਟ ਕੇ ਖੇਤੀ ਦੇ ਕਿੱਤੇ ਵਿੱਚ ਪੈ ਗਿਆ ਹੈ।

ਵਰਿਆਮ ਸਿੰਘ ਸੰਧੂ ਨੇ ਐੱਮ. ਏ. ਬੀ. ਐਡ ਕਰਕੇ ਸਕੂਲ ਅਧਿਆਪਕ ਦੇ ਕਿੱਤੇ ਨੂੰ ਅਪਨਾ ਲਿਆ ਤੇ ਲੰਮਾ ਸਮਾਂ ਸਕੂਲ ਅਧਿਆਪਕ ਰਿਹਾ ਅਤੇ ਨਾਲ ਹੀ ਪੜ੍ਹਾਈ ਜਾਰੀ ਰੱਖੀ। ਇਸ ਨੌਕਰੀ ਦੌਰਾਨ ਉਸ ਐਮ. ਫਿਲ ਕੀਤੀ। ਇਸ ਤੋਂ ਪਿੱਛੋਂ ਲਾਇਲਪੁਰ ਖਾਲਸਾ ਕਾਲਜ ਜੰਲਧਰ ਵਿੱਚ ਲੈਕਚਰਾਰ ਲੱਗ ਗਿਆ ਅਤੇ ਹੁਣ ਵੀ ਉੱਥੇ ਹੀ ਕਾਰਜ ਦੀਆਂ ਸੇਵਾਵਾਂ ਨਿਭਾ ਰਿਹਾ ਹੈ। ਉਸ ਨੇ ਸੋਹਣ ਸਿੰਘ ਸੀਤਲ ਦੇ ਨਾਵਲਾਂ ਉੱਤੇ ਪੀ. ਐਚ. ਡੀ. ਕੀਤੀ

ਹੈ। ਵਰਿਆਮ ਸਿੰਘ ਸੰਧੂ ਨੇ ਇੱਕ ਅਣਖ ਦਾ ਜੀਵਨ ਜੀਵਿਆ ਹੈ। ਉਸ ਨੇ ਆਪਣੀ ਨੌਕਰੀ ਲਈ ਕਿਸੇ ਜਗੀਰਦਾਰ ਜਾਂ ਰਾਜਨੀਤਿਕ ਐਮ. ਐਲ. ਏ. ਅੱਗੇ ਹੱਥ ਨਹੀ ਫੈਲਾਏ। ਜੋ ਕੁਝ ਪ੍ਰਪਾਤ ਕੀਤਾ ਹੈ ਉਹ ਆਪਣੀ ਮਿਹਨਤ ਨਾਲ ਹੀ ਪ੍ਰਪਾਤ ਕੀਤਾ ਹੈ। ਇਸ ਜੀਵਨ ਸ਼ੈਲੀ ਕਰਕੇ ਹੀ ਉਸ ਦਾ ਧਿਆਨ ਮਾਰਕਸਵਾਦ ਵੱਲ ਪਲਟ ਗਿਆ ਇਸ ਸੋਚ ਅਤੇ ਅਧਿਐਨ ਵਿਚੋਂ ਹੀ ਉਹ ਇੱਕ ਪ੍ਰਤਿਬੱਧ ਲੇਖਕ ਬਣਿਆ ਹੈ। ਬਚਪਨ ਵਿੱਚ ਹੀ ਵਰਿਆਮ ਸੰਧੂ ਨੂੰ ਉਸ ਦੇ ਇੱਕ ਬੇ-ਔਲਾਦ ਮਾਮੇ ਨੇ ਆਪਣੇ ਕੋਲ ਲੈ ਆਂਦਾ ਅਤੇ ਆਪਣੀ ਦੱਸ ਕਿੱਲੇ ਜ਼ਮੀਨ ਉਸ ਦੇ ਨਾਂ ਕਰਵਾ ਦਿੱਤੀ। ਵੱਡਾ ਹੋਣ ਤੇ ਵਰਿਆਮ ਸਿੰਘ ਮਾਮੇ ਦੀ ਬਾਕੀ ਵੀਹ ਪੱਝੀ ਕਿੱਲੇ ਜ਼ਮੀਨ ਦੀ ਖੱਟੀ ਵੀ ਖਾਂਦਾ ਰਿਹਾ ਅਤੇ ਪਿਤਾ ਦੀ 16 ਕਿੱਲੇ ਜ਼ਮੀਨ ਦਾ ਮਾਲਕ ਵੀ ਬਣਿਆ ਰਿਹਾ। ਕੁਝ ਸਮਾਂ ਆਪ ਵੀ ਦੇਸੀ ਸੰਦਾਂ-ਸਾਧਨਾਂ ਨਾਲ ਖੇਤੀ ਕਰਵਾਉਂਦਾ ਰਿਹਾ।

"ਭਾਰਤ ਦੇ ਸਮੂਹ ਖੇਤਰਾਂ ਵਾਂਗ ਅਕਾਦਮਿਕ ਖੇਤਰ ਵਿੱਚ ਵੀ ਰਾਜਸੀ ਭ੍ਰਿਸ਼ਟਾਚਾਰ ਦੇ ਮਾਰੂ ਪ੍ਰਭਾਵ ਕਾਰਣ ਵਰਿਆਮ ਸੰਧੂ ਕਾਫੀ ਸਮਾਂ ਆਪਣੀ ਯੋਗਤਾ ਦੇ ਬਰਾਬਰ ਦੀ ਨੌਕਰੀ ਪ੍ਰਾਪਤ ਨਾ ਕਰ ਸਕਿਆ। ਆਪਣਾ ਸਵੈ-ਮਾਣ ਕਾਇਮ ਰਖਦੇ ਹੋਏ ਸ਼ਾਸਨ ਤੋਂ ਭੀਖ ਮੰਗਣ ਤੋਂ ਇਨਕਾਰੀ ਹੋਣਾ ਅਤੇ ਸਥਾਪਤੀ ਵਿਰੋਧੀ ਸਰਗਰਮੀਆਂ ਵਿੱਚ ਸ਼ਾਮਿਲ ਹੋਣਾ ਆਦਿ ਕਾਰਣ ਵੀ ਉਸ ਲਈ ਰੁਕਾਵਟਾਂ ਬਣੇ। ਵੱਡੀ ਨੌਕਰੀ ਲਈ ਪੁੱਠੇ ਸਿੱਧੇ ਯਤਨ ਕਰਨ ਅਤੇ ਉਸ ਦੀ ਅਪ੍ਰਾਪਤੀ ਉੱਪਰ ਹੋਣ ਦੀ ਥਾਂ ਸਗੋਂ ਉਹ ਆਪਣੇ ਸਮਾਜਿਕ ਅਤੇ ਰਾਜਸੀ ਆਦਰਸ਼ਾਂ ਪ੍ਰਤੀ ਪ੍ਰਤੀਬੱਧਤਾ ਨੂੰ ਪਰਿਪੱਕ ਕਰ ਸਕਣ ਲਈ ਯਤਨਸ਼ੀਲ ਰਿਹਾ। ਕਿੱਸੇ ਨਿੱਜੀ ਮੁਥਾਜ ਹਿੱਤ ਉਹ ਆਪਣੀ ਆਦਰਸ਼ ਸੀਮਾ ਤੋਂ ਥੱਲੇ ਨਹੀਂ ਡਿੱਗਦਾ ਚਾਹੁੰਦਾ। ਇੱਕ ਸਵੈ ਨਿਯੰਤਰਤ ਤੇ ਚੇਤੰਨ ਵਿਅਕਤੀ ਵਜੋਂ ਉਹ ਜ਼ਿੰਦਗੀ ਦੇ ਛੋਟੇ-ਛੋਟੇ ਸਵਾਰਥਾਂ ਤੋਂ ਨਿਰਲਿਪਤ ਰਹਿ ਕੇ ਆਪਣੇ ਕਲਾਕਾਰ ਆਪੇ ਨੂੰ ਖਿੰਡਣ ਤੋਂ ਬਚਾਉਣ ਵਿੱਚ ਸਫਲ ਹੋਇਆ ਹੈ।[1]

ਵਰਿਆਮ ਸਿੰਘ ਸੰਧੂ ਨੇ ਜੋ ਕੁਝ ਪ੍ਰਾਪਤ ਕੀਤਾ ਹੈ ਉਹ ਆਪਣੀ ਮਿਹਨਤ ਨਾਲ ਕੀਤਾ ਹੈ। ਇਸ ਜੀਵਨ ਸ਼ੈਲੀ ਕਰਕੇ ਹੀ ਉਸ ਦਾ ਧਿਆਨ ਮਾਰਕਸਵਾਦ ਵੱਲ ਪਲਟ ਗਿਆ। ਇਸ ਸੋਚ ਅਤੇ ਅਧਿਐਨ ਵਿਚੋਂ ਹੀ ਉਹ ਇੱਕ ਪ੍ਰਤਿਬੱਧ ਲੇਖਕ ਬਣਿਆ ਹੈ ਜਿਸ ਨੇ ਛੋਟੀ ਕਿਰਸਾਣੀ ਦੇ ਸਿੱਧੇ ਜੀਵਨ ਅਨੁਭਵ ਰਾਹੀਂ ਇਸ ਦੀਆਂ ਸੱਮਸਿਆਵਾਂ ਨੂੰ ਆਪਣੀਆਂ ਕਹਾਣੀਆਂ ਦਾ ਵਿਸ਼ਾ ਬਣਾਇਆ ਹੈ। ਉਸ ਨੂੰ ਪਤਾ ਹੈ ਕਿ ਕਿਸਾਨ ਦੀਆਂ ਕੀ ਮੁਸ਼ਕਿਲਾਂ ਹਨ ਉਸ ਦੀਆਂ ਆਰਥਕ ਤੰਗੀਆਂ ਦਾ ਕੀ ਕਾਰਣ ਹੈ ਅਤੇ ਕਿਸਾਨ ਕਿਉਂ ਕਰਜ਼ਾ ਲੈ ਕੇ ਆਪਣੇ ਖਰਚ ਤੋਰਦੇ ਹਨ। ਉਸ ਨੂੰ ਇਸ ਗੱਲ ਦਾ ਦੁੱਖ ਹੈ ਕਿ ਕਿਸਾਨ ਆਪਣੇ ਆਪ ਵਿੱਚ ਪੂਰੀ ਤਰ੍ਹਾਂ ਰਾਜਨੀਤਿਕ ਤੌਰ ਸੰਗਠਿਤ ਨਹੀਂ ਅਤੇ ਨਾ ਹੀ ਉਨ੍ਹਾਂ ਨੂੰ ਆਪਣੀ ਤਾਕਤ ਬਾਰੇ ਪੱਤਾ ਹੈ। ਭਾਵੇਂ ਸਰਕਾਰ ਨੇ ਹਰਾ ਇਨਕਲਾਬ ਲਿਆਂਦਾ ਪਰ ਇਸ ਦਾ ਲਾਭ ਉਪਰਲੀਆਂ ਸ਼੍ਰੇਣੀਆਂ ਤੱਕ ਹੀ ਸੀਮਤ ਰਿਹਾ।

ਪੰਜਾਬੀ ਕਹਾਣੀ ਵਿੱਚ ਵਰਿਆਮ ਸਿੰਘ ਸੰਧੂ ਨੇ ਪ੍ਰਵੇਸ਼ ਪਿਛਲੇ 35-40 ਸਾਲ ਤੋਂ ਕੀਤਾ ਹੈ ਕਿਉਂਕਿ ਉਸ ਦਾ ਪਹਿਲਾਂ ਕਹਾਣੀ ਸੰਗ੍ਰਹਿ 'ਲੋਹੇ ਦੇ ਹੱਥ' 1971 ਵਿੱਚ ਪ੍ਰਕਾਸ਼ਿਤ ਹੋਇਆ ਸੀ। ਇਸ ਤਰ੍ਹਾਂ ਉਹ ਔਸਤਨ ਸਾਲ ਵਿੱਚ ਇੱਕ ਹੀ ਕਹਾਣੀ ਲਿਖਦਾ ਹੈ, ਘੱਟ ਲਿਖਦੇ ਹੋਏ ਵੀ ਉਸ ਨੇ ਬਹੁਤ ਵਧੀਆ ਲਿਖਿਆ ਹੈ ਇਹੀ ਕਾਰਨ ਹੈ ਕਿ ਸੰਧੂ ਅਜੋਕੇ ਦੌਰ ਦਾ ਸਭ ਤੋਂ ਵੱਧ ਚਰਚਿਤ, ਸਮਰੱਥ ਅਤੇ ਸਿਰਮੌਰ ਕਥਾਕਾਰ ਹੈ। ਉਹ ਆਪਣੀਆਂ ਕਹਾਣੀਆਂ ਸਿਰਜਦਾ ਹੋਇਆ ਪਰੰਪਰਾ ਦੀ ਪਗਡੰਡੀ ਤੇ ਨਹੀ ਤੁਰਿਆ ਸਗੋਂ ਉਸ ਨੇ ਪਹਿਲੀ ਪੀੜ੍ਹੀ ਦੇ ਸਭਨਾਂ ਸਮਰੱਥ ਕਹਾਣੀਕਾਰਾਂ ਵੱਲੋਂ ਆਧੁਨਿਕ ਨਿੱਕੀ ਕਹਾਣੀ ਦਾ ਸਿਰਜੇ ਮਾਡਲ ਦਾ ਅਨੁਸਰਣ ਨਾ ਕਰਕੇ ਤੇ ਆਧੁਨਿਕ ਨਿੱਕੀ ਕਹਾਣੀ ਦਾ ਪੱਛਮੀ ਸੰਕਲਪਾਂ ਦੇ ਅਕਾਦਮਿਕ ਬੰਧਨਾਂ ਨੂੰ ਤੋੜ ਕੇ ਪੰਜਾਬੀ ਕਹਾਣੀ ਦਾ ਅਜਿਹਾ ਨਵਾਂ ਮਾਡਲ ਸਥਾਪਿਤ ਕਰ ਦਿੱਤਾ ਹੈ ਕਿ ਕਹਾਣੀ ਵਿਧਾ ਦਾ ਸਿਧਾਂਤਕਾਰਾਂ ਨੂੰ ਇਸ ਵਿਧਾ ਦਾ ਸੰਬੰਧ ਵਿੱਚ ਨਵੀਆਂ ਧਾਰਨਾਵਾਂ ਘੜ੍ਹਨ ਲਈ ਮਜ਼ਬੂਰ ਹੋਣਾ ਪਿਆ ਹੈ। ਵਰਿਆਮ ਸਿੰਘ ਸੰਧੂ ਪੰਜਾਬੀ ਕਹਾਣੀ ਦੇ ਇਤਿਹਾਸ ਵਿੱਚ ਸੀਮਤ ਜਿਹੇ ਵਕਤ ਵਿੱਚ ਉਭਰਿਆ ਅਤੇ ਮਕਬੂਲ ਹੋਇਆ ਅਜਿਹਾ ਹਸਤਾਖਰ ਹੈ ਜਿਸਨੇ ਆਪਣੀ ਨਿਰੰਤਰ ਰਚਨਾਤਮਕ ਪ੍ਰਤਿਭਾ ਕਰਕੇ ਲੰਮੀ ਕਹਾਣੀ ਦੇ ਮਾਡਲ ਨੂੰ ਤਰਾਸ਼ਿਆ ਹੈ। ਪੰਜਾਬੀ ਸਾਹਿਤਕ ਕਿਰਤਾਂ ਦੇ ਇਤਿਹਾਸ ਵਿੱਚ ਉਹ ਸ਼ਾਇਦ ਪਹਿਲਾ ਲੇਖਕ ਹੋਵੇ ਜਿਸਨੇ ਸੀਮਤ ਆਕਾਰ 'ਚ ਸਿਰਜਨਾ ਕਰਕੇ ਭਾਰਤੀ ਸਾਹਿਤ ਅਕਾਦਮੀ ਦਾ ਉੱਚ ਪੱਧਰੀ ਅਤੇ ਵਕਾਰੀ ਇਨਾਮ ਹਥਿਆਇਆ ਹੋਵੇ।

ਜਿਸ ਸ਼ਿਦਤ ਨਾਲ ਸੰਧੂ ਨੇ ਪੰਜਾਬ ਦਾ ਪੇਂਡੂ ਸਭਿਆਚਾਰ ਦੇ ਅੰਤਰ-ਵਿਰੋਧ, ਤਨਾਵਾਂ, ਟਕਰਾਵਾਂ ਅਤੇ ਟੁੱਟਦੇ ਜੁੜਦੇ ਰਿਸ਼ਤਿਆਂ ਦੀ ਤੋਰ ਨੂੰ ਪਕੜਿਆ ਹੈ ਉਸਨੇ ਵਰਿਆਮ ਸਿੰਘ ਸੰਧੂ ਨੂੰ ਲੰਮੀ ਕਹਾਣੀ ਦਾ 'ਬਾਦਸ਼ਾਹ' ਬਣਾ ਦਿੱਤਾ ਹੈ। "ਵਰਿਆਮ ਸਿੰਘ ਸੰਧੂ ਆਪਣੇ ਘੱਟ ਪਰ ਵਧੀਆ ਲਿਖਣ ਬਾਰੇ ਦੱਸਦੇ ਹਨ ਕਿ ਮੈਂ ਸ਼ੁਰੂ ਤੋਂ ਘੱਟ ਲਿਖਣ ਵਾਲਾ ਲੇਖਕ ਹਾਂ। ਪਹਿਲਾਂ ਵੀ ਡੇਢ ਦੋ ਸਾਲ ਬਾਅਦ ਹੀ ਕਹਾਣੀ ਲਿਖਦਾ ਸਾਂ ਮੇਰੀ ਹੁਣ ਤੱਕ ਦੀ ਆਖਰੀ ਕਹਾਣੀ ਪਰਛਾਵੇਂ ਸ਼ਾਇਦ 1993 ਵਿੱਚ ਛਪੀ ਸੀ। ਪਿਛਲੇ ਛੇਆਂ ਸਾਲਾਂ ਵਿੱਚ ਮੈਂ ਕੁੱਝ ਵਾਰਤਕ ਵੀ ਲਿਖੀ ਹੈ। ਲਗਭਗ ਦੋ ਕਿਤਾਬਾਂ ਦਾ ਮਸਾਲਾ ਅਤੇ ਮੇਰੀ ਵਾਰਤਕ ਲੋਕਾਂ ਨੇ ਪਸੰਦ ਵੀ ਕੀਤੀ ਹੈ, ਪਰ ਫਿਰ ਵੀ ਉਹ ਇਹੋ ਚਾਹੁੰਦੇ ਹਨ ਕਿ ਮੈਂ ਕਹਾਣੀ ਜ਼ਰੂਰ ਲਿਖਾਂ ਤੇ ਮੈਂ ਆਪ ਵੀ ਸੋਚਦਾ ਹਾਂ ਕਿ ਮੈਨੂੰ ਲਿਖਣੀ ਵੀ ਚਾਹੀਦੀ ਹੈ ਪਰ ਇੱਕ ਤਾਂ ਮੈਨੂੰ ਮੇਰੀਆਂ ਆਪਣੀਆਂ ਕਹਾਣੀਆਂ ਹੀ ਵੰਗਾਰਦੀਆਂ ਹਨ। ਇਸ ਕਰਕੇ ਮੈਂ ਚੁੱਪ ਹਾਂ ਅਤੇ ਦੂਜਾ, ਮੈਂ ਇਹ ਵੀ ਚਾਹੁੰਦਾ ਹਾਂ ਕਿ ਪਹਿਲਾਂ ਲਿਖੀ ਕਹਾਣੀ ਨਾਲੋਂ ਵੱਖਰੀ ਤਰ੍ਹਾਂ ਦੀ ਕਹਾਣੀ ਲਿਖਾਂ ਪਰ ਇਹ ਵੱਖਰਾ ਪਣ ਅਜੇ ਪਕੜ ਵਿੱਚ ਨਹੀਂ ਆ ਰਿਹਾ"।

ਵਰਿਆਮ ਸਿੰਘ ਸੰਧੂ ਨੂੰ ਸਾਹਿਤ ਅਕਾਦਮੀ ਅਵਾਰਡ 'ਚੌਥੀ ਕੂਟ' ਲਈ 2000 ਵਿੱਚ ਮਿਲਿਆ। 1979 ਵਿੱਚ ਹੀਰਾ ਸਿੰਘ ਦਰਦ ਅਵਾਰਡ ਮਿਲਿਆ। 1980 ਭਾਈ ਵੀਰ ਸਿੰਘ ਪੁਰਸਕਾਰ, ਗੁਰੂ ਨਾਨਕ ਦੇਵ ਯੂਨੀਵਰਸਿਟੀ

ਵੱਲੋ ਪੰਜਾਬੀ ਸਾਹਿਤ ਅਕਾਦਮੀ ਅਵਾਰਡ ਮਿਲਿਆ। ਵਰਿਆਮ ਸਿੰਘ ਸੰਧੂ ਨੂੰ ਕਹਾਣੀਕਾਰ ਦੇ ਤੌਰ ਤੇ ਪ੍ਰਸਿੱਧੀ 'ਅੰਗ-ਸੰਗ' ਸੰਗ੍ਰਿਹ ਨਾਲ ਹੀ ਮਿਲੀ ਹੈ। ਵਰਿਆਮ ਸਿੰਘ ਸੰਧੂ ਦੇ ਕਹਾਣੀ ਸੰਗ੍ਰਿਹ ਇਸ ਤਰ੍ਹਾਂ ਹਨ ਜਿਵੇਂ:-

1. ਲੋਹੇ ਦੇ ਹੱਥ (1971 =10 ਕਹਾਣੀਆਂ)
2. ਅੰਗ-ਸੰਗ (1981 =11 ਕਹਾਣੀਆਂ)
3. ਭੱਜੀਆਂ ਬਾਹੀਂ (1987 =6 ਕਹਾਣੀਆਂ)
4. ਚੌਥੀ ਕੂਟ (1998 =5 ਕਹਾਣੀਆਂ)
5. ਵਾਪਸੀ (1987 )
6. ਦਲਦਲ
7. ਕੁਰਾਹੀਆਂ
8. ਕਾਹਲ
9. ਮੈ ਤੇ ਕਹਾਣੀ
10. ਆਪਣਾ-ਆਪਣਾ ਹਿੱਸਾ
11. ਤਾਰ ਤੇ ਤੁਰਦਾ ਆਦਮੀ

ਵਰਿਆਮ ਸਿੰਘ ਸੰਧੂ ਸਮਾਜਕ ਯਥਾਰਥ ਨੂੰ ਸਹਿਜ ਰੂਪ ਪ੍ਰਗਟਾਉਦਾ ਹੋਇਆ ਭਾਸ਼ਾ ਰਾਹੀ ਸੱਮਸਿਆ ਨੂੰ ਪੇਸ਼ ਕਰਦਾ ਹੈ। ਵਰਿਆਮ ਸਿੰਘ ਸੰਧੂ ਪੰਜਾਬੀ ਕਹਾਣੀ ਦੇ ਖੇਤਰ ਵਿੱਚ ਪਹਿਲਾ ਹਸਤਾਖਰ ਹੈ ਜਿਸ ਨੇ ਪੰਜਾਬੀ ਵਿੱਚ ਲੰਮੀ ਨਿੱਕੀ ਤੇ ਹੁਨਰੀ ਕਹਾਣੀ ਲਿਖਣ ਦੀ ਪਿਰਤ ਪਾਈ ਸੀ। ਕਹਾਣੀਆਂ ਦੇ ਪੇਜ 52 ਤੋਂ ਵੀ ਵੱਧ ਹੋ ਜਾਂਦੇ ਹਨ। ਵਰਿਆਮ ਸਿੰਘ ਸੰਧੂ ਪ੍ਰਗਤੀਵਾਦੀ ਵਿਚਾਰਧਾਰਾ ਦਾ ਧਾਰਨੀ ਹੈ। ਰਚਨਾ ਦੀ ਸਿਰਜਣਾ ਕਰਦੇ ਸਮੇਂ ਉਸ ਦੇ ਸਾਹਮਣੇ ਇੱਕ ਉਦੇਸ਼ ਇਹ ਹੁੰਦਾ ਹੈ ਕਿ ਉਹ ਲੋਕ ਮਨ ਨੂੰ ਵੀ ਸੁਚੇਤ ਕਰ ਸਕੇ। ਵਰਿਆਮ ਸਿੰਘ ਸੰਧ ਦਾ ਕਥਾ ਜਗਤ ਛੋਟੀ ਕਿਰਸਾਣੀ, ਆਰਥਿਕਤਾ ਦੇ ਸੰਕਟ ਅਤੇ ਭਾਈਚਾਰਕ ਟਕਰਾਉਣ ਦਾ ਪ੍ਰਮਾਣਕ ਬੋਧ ਕਰਾਉਂਦਾ ਹੈ। ਪੂੰਜੀਵਾਦੀ ਉਭਾਰ ਵਿੱਚ ਛੋਟੀ ਕਿਰਸਾਣੀ ਤੇ ਭੂਮੀਹੀਣ ਵਿਅਕਤੀ ਦਾ ਸੰਤਾਪ ਉਸ ਦੀਆਂ ਕਹਾਣੀਆਂ ਦਾ ਕੇਂਦਰੀ ਥੀਮ ਹੈ। ਸੱਭਿਆਚਾਰਕ ਭਾਈਚਾਰਕ ਅਤੇ ਪਰਿਵਾਰਕ ਸੰਕਟਾਂ ਵਿੱਚ ਉਲਝੇ ਵਿਅਕਤੀ ਦੀ ਮਨੋਸਥਿਤੀ ਨੂੰ ਸੰਧੂ ਨੇ ਸਮੁੱਚੇ ਵਿੱਚ ਚਿਤਰਿਆ ਹੈ। ਉਸ ਨੇ ਪੰਜਾਬ ਸੰਕਟ ਨੂੰ ਜਿਸ ਤਰ੍ਹਾਂ ਆਪਣੀ ਕਹਾਣੀ ਵਿੱਚ ਇੱਕ ਵਿੱਥ ਉੱਪਰ ਰੱਖ ਕੇ ਉਸਾਰਿਆ ਹੈ ਉਸਦਾ ਸਾਨੀ ਹੋਰ ਕੋਈ ਨਹੀ। ਉਸਦੀ ਕਹਾਣੀ ਜਿੱਥੇ ਰਾਜਸੀ ਚੇਤਨਾ ਦੀ ਸੂਝ-ਬੂਝ ਨਾਲ ਭਰਪੂਰ ਹੈ ਉਥੇ ਉਸਨੇ ਅਮਾਨਵੀ ਸਥਿਤੀਆਂ ਵਿੱਚ ਘਿਰੇ ਮਨੁੱਖ ਦਾ ਸੰਤਾਪ ਵੀ ਪਛਾਣਿਆ ਹੈ। ਗਰੀਬੀ ਤੇ ਪੰਜਾਬ ਸੰਤਾਪ ਦੀ ਜਕੜ ਵਿੱਚ ਘੁੱਲ ਰਹੇ ਪਾਤਰ ਆਪਣੇ ਜੁਝਾਰੂ ਚਰਿੱਤਰ ਦੇ ਬਾਵਜੂਦ ਤ੍ਰਾਸਦਕ ਹੋਣੀ ਭੋਗਦੇ

ਹੋਏ ਆਰਥਿਕ ਤੇ ਸਮਾਜਿਕ ਸਿਸਟਮ ਉੱਤੇ ਇੱਕ ਡੂੰਘਾ ਕਟਾਖਸ਼ ਕਰ ਜਾਂਦੇ ਹਨ। 1980 ਤੋਂ ਬਾਅਦ ਦੀ ਪੰਜਾਬੀ ਕਹਾਣੀ ਦਾ ਇੱਕ ਹੋਰ ਪ੍ਰਮਾਣਕ ਵਿਸਤਾਰ ਵਰਿਆਮ ਸਿੰਘ ਸੰਧੂ ਦੀ ਕਹਾਣੀ ਨਾਲ ਹੁੰਦਾ ਹੈ।

ਵਰਿਆਮ ਸਿੰਘ ਸੰਧੂ ਇੱਕ ਪ੍ਰਤਿਭਾਸ਼ੀਲ ਕਹਾਣੀਕਾਰ ਹੈ ਜਿਸਨੇ 'ਲੋਹੇ ਦੇ ਹੱਥ' ਪੁਸਤਕ ਨਾਲ ਆਪਣੀ ਕਹਾਣੀ ਯਾਤਰਾ ਸ਼ੁਰੂ ਕੀਤੀ। ਅੰਗ-ਸੰਗ 1981, ਭੱਜੀਆਂ ਬਾਹਾਂ 1987 ਅਤ 'ਚੌਥੀ ਕੂਟ' 1998 ਉਸ ਦੇ ਅਜਿਹੇ ਕਹਾਣੀ ਸੰਗ੍ਰਹਿ ਹਨ ਜੋ ਪੰਜਾਬੀ ਕਹਾਣੀ ਦੇ ਨਿਵੇਕਲੇ ਚਿੱਤਰ ਨੂੰ ਪ੍ਰਗਟਾਉਂਦੇ ਹਨ। ਨਿਰਸੰਦੇਹ ਵਰਿਆਮ ਸਿੰਘ ਸੰਧੂ ਪੰਜਾਬੀ ਕਹਾਣੀ ਦਾ ਇੱਕ ਕਮਾਲ ਦਾ ਸ਼ਿਲਪਕਾਰ ਹੈ ਉਸਦੀ ਬਿਰਤਾਂਤਕ ਵਿੱਲਖਣਤਾ ਸ਼ਿਲਪੀ ਯੋਗਤਾ ਅਤੇ ਡੂੰਘੀ

ਭਾਸ਼ਾਈ ਸਮਰੱਥਾ ਨੇ ਉਸਨੂੰ ਪੰਜਾਬੀ ਕਹਾਣੀ ਜਗਤ ਵਿੱਚ ਸ਼ਰਮੋਣੀ ਕਹਾਣੀਕਾਰਾਂ ਦੀ ਕਤਾਰ ਵਿੱਚ ਖੜ੍ਹਾ ਕਰ ਦਿੱਤਾ ਹੈ। 'ਚੌਥੀ ਕੂਟ' ਸੰਗ੍ਰਹਿ ਵਿੱਚ ਦਰਜ ਜ਼ਿਆਦਾ ਕਹਾਣੀਆਂ ਪੰਜਾਬ ਸਮੱਸਿਆ ਦੇ ਹਿੰਸਾਤਮਿਕ ਦੌਰ ਨਾਲ ਜੁੜੀਆਂ ਹੋਈਆਂ ਹਨ। ਚੌਥੀ ਕੂਟ, ਮੈਂ ਹੁਣ ਠੀਕ-ਠਾਕ ਹਾਂ, ਪਰਛਾਵੇਂ, ਅਤੇ ਛੁੱਟੀ ਪੰਜਾਬ ਸੰਤਾਪ ਦੀਆਂ ਵੱਖੋ-ਵੱਖ ਪਰਤਾਂ ਮਾਨਵਵਾਦੀ ਦਿੱਖ ਨੂੰ ਪੇਸ਼ ਕਰਨ ਵਾਲੀਆਂ ਕਹਾਣੀਆਂ ਹਨ। ਇਹ ਕਹਾਣੀਆਂ ਅਤਿਵਾਦ ਦੇ ਸਮਿਆਂ ਦੇ ਡਰਾਂ, ਤੌਖਲਿਆਂ, ਮਾਨਸਿਕ ਦਵੰਦਾ ਨਾਲ ਸੰਬੰਧਤ ਹਨ।

ਇਨ੍ਹਾਂ ਕਹਾਣੀਆਂ ਵਿੱਚ ਵਰਿਆਮ ਸਿੰਘ ਸੰਧੂ ਦੀ ਰਾਜਸੀ ਚੇਤਨਾ ਦਾ ਕਠੋਰ ਅਤੇ ਵਿਸ਼ਾਲ ਅਨੁਭਵ ਕੁਟ-ਕੁਟ ਕੇ ਭਰਿਆ ਹੋਇਆ ਹੈ ਪਰੰਤੂ ਜੇ ਅਸੀ ਉਸਦੀਆਂ ਚੋਟੀ ਦੀਆਂ ਕਹਾਣੀਆਂ ਵਿਚੋਂ ਭਾਰਤੀ ਭਾਸ਼ਾਵਾਂ ਦੇ ਪੱਧਰ ਦੀਆਂ ਕਹਾਣੀਆਂ ਨਾਲ ਤੁਲਨਾ ਕਰਨੀ ਪਵੇ ਤਾਂ ਇਹਨਾਂ ਦੀ ਗਿਣਤੀ ਕਾਫੀ ਹੋ ਜਾਂਦੀ ਹੈ। ਜਿਵੇਂ ਵਾਪਸੀ, ਆਪਣਾ-ਆਪਣਾ ਹਿੱਸਾ, ਅੰਗ ਸੰਗ, ਸੁਨਹਿਰੀ ਕਿਣਕਾ, ਡੁੰਮ, ਮੈਂ ਹੁਣ ਠੀਕ ਠਾਕ ਹਾਂ, ਚੌਥੀ ਕੂਟ, ਕੁਰਾਹੀਆ ਅਤੇ ਭੱਜੀਆਂ ਬਾਹੀਂ ਕਹਾਣੀਆਂ ਨੂੰ ਸਹਿਜੇ ਹੀ ਪੰਜਾਬੀ ਦੀਆਂ ਵਿਸ਼ੇਸ਼ ਕਹਾਣੀਆਂ 'ਚ ਸ਼ਾਮਿਲ ਕੀਤਾ ਜਾ ਸਕਦਾ ਹੈ।

'ਲੋਹੇ ਦੇ ਹੱਥ' ਸੰਗ੍ਰਹਿ ਦੀਆਂ ਕਹਾਣੀਆਂ ਨਕਸਲਵਾਦੀ ਲਹਿਰ ਦੀ ਵਿਚਾਰਧਾਰਾ ਦੇ ਗਿਰਦ ਘੁੰਮਦੀਆਂ ਹਨ। 'ਅੰਗ-ਸੰਗ' ਦੀਆਂ ਬਹੁਤੀਆਂ ਕਹਾਣੀਆਂ ਵੀ ਸਮੁੱਚੀ ਕਮਿਊਨਿਸਟ ਲਹਿਰ ਦੀਆਂ ਸਿਧਾਂਤਕ ਖਾਮੀਆਂ ਨੂੰ ਉਭਾਰਦੀਆਂ ਹਨ। 'ਭੱਜੀਆਂ ਬਾਹੀਂ' ਕਥਾ ਸੰਗ੍ਰਿਹ ਰਾਜਨੀਤਕ ਲਹਿਰਾਂ ਦੀ ਚੜ੍ਹਤ ਤੇ ਉਤਾਰ ਬਾਰੇ ਦੱਸਦੀ ਹੈ। 'ਚੌਥੀ ਕੂਟ' ਅੱਠਵੇਂ ਅਤੇ ਨੌਵੇਂ ਦਹਾਕੇ ਵਿੱਚ ਪੰਜਾਬ ਦੇ ਸੰਤਾਪ ਦੀਆਂ ਵਿਭਿੰਨ ਪਰਤਾਂ ਨੂੰ ਯਥਾਰਥਕ ਮੁਹਾਵਰੇ ਰਾਹੀ ਪੇਸ਼ ਕਰਦੀ ਹੈ ਪਰੰਤੂ ਜੇ ਅਸੀਂ ਤਿੱਲ ਫੁੱਲ ਦੀਆਂ ਸਮੁੱਚੀਆਂ ਕਹਾਣੀਆਂ ਨੂੰ ਪੰਜਾਬੀ ਮਾਨਸਿਕਤਾ ਦੇ ਸੰਦਰਭ ਵਿੱਚ ਦੇਖਦੇ ਹਾਂ ਤਾਂ ਵਰਿਆਮ ਸੰਧੂ ਦੀਆਂ ਕਹਾਣੀਆਂ ਪੰਜਾਬ ਵਿੱਚ ਪੈਦਾ ਹੋਈ ਨਕਸਲਵਾਦੀ ਲਹਿਰ ਤੋਂ ਲੈ ਕੇ

ਖਾੜਕੂ ਲਹਿਰ ਤੱਕ ਦੇ ਇਤਿਹਾਸਕ ਸੱਭਿਆਚਾਰ ਦਸਤਾਵੇਜ ਦੀ ਤਸਵੀਰ ਪੇਸ਼ ਹੁੰਦੀ ਹੈ। ਜੇ ਕੁਲਵੰਤ ਸਿੰਘ ਵਿਰਕ ਨੂੰ ਨਿੱਕੀ ਕਹਾਣੀ ਦਾ ਬਾਦਸ਼ਾਹ ਕਿਹਾ ਜਾਂਦਾ ਹੈ ਤਾਂ ਨਿਰਸੰਦੇਹ ਵਰਿਆਮ ਸੰਧੂ ਲੰਮੀ ਕਹਾਣੀ ਦਾ ਬਾਦਸ਼ਾਹ ਹੈ।

ਉਸ ਦੀਆਂ ਸਭ ਤੋਂ ਲੰਮਾ ਬਿਰਤਾਂਤ ਸਿਰਜਦੀਆਂ ਪ੍ਰਮੁੱਖ ਕਹਾਣੀਆਂ ਹਨ, ਵਾਪਸੀ, ਮੈਂ ਹੁਣ ਠੀਕ-ਠਾਕ ਹਾਂ, ਦਲਦਲ, ਭੱਜੀਆਂ ਬਾਹੀਂ, ਅਤੇ ਨੌਂ ਬਾਰਾਂ ਦੱਸ ਹਨ। ਬਿਰਤਾਂਤ ਅੰਦਰ ਨਵਾਂ ਬਿਰਤਾਂਤ ਸਿਰਜਣ ਦੀ ਵਿਧੀ ਸੰਧੂ ਦੀ ਕਹਾਣੀ ਪ੍ਰਤਿਵਾ ਦੀ ਵਿਸ਼ੇਸ਼ ਪ੍ਰਾਪਤੀ ਹੈ। ਅੰਗ-ਸੰਗ ਵਿੱਚ ਸੰਧੂ 'ਲੋਹੇ ਦੇ ਹੱਥ' ਨਾਲੋਂ ਇੱਕ ਬਹੁਤ ਵੱਡੇ ਕਲਾਤਮਕ ਫਰਕ ਉਪਰ ਵਿਚਰਦਾ ਨਜ਼ਰ ਆਉਂਦਾ ਹੈ ਅਤੇ ਕਹਾਣੀਆਂ ਕੇਵਲ ਆਕਾਰ ਵਿੱਚ ਹੀ ਲੰਮੀਆਂ ਨਹੀਂ ਸਗੋਂ ਇਹ ਜੀਵਨ ਦੇ ਯਥਾਰਥ ਦੀ ਗਹਿਰਾਈ ਨੂੰ ਨਿੱਕੇ-ਨਿੱਕੇ ਵੇਰਵਿਆਂ ਦੇ ਵਿਸਥਾਰ ਵਿੱਚ ਜਾਂ ਕੇ ਚਿੱਤਰਦੀਆਂ ਹਨ। ਉਸ ਦੇ ਇਸ ਨਿਵੇਕਲੇ ਅੰਦਾਜ਼ ਕਰਕੇ ਉਸ ਦੀਆਂ ਕਹਾਣੀਆਂ ਕਹਾਣੀ ਦੀ ਪੰਰਪਰਾਗਤ ਤਕਨੀਕ ਦੇ ਘੇਰੇ ਵਿੱਚ ਸ਼ਾਮਲ ਨਹੀਂ ਹੁੰਦੀਆਂ ਹਨ ਕਿਉਂਕਿ ਨਿੱਕੀਆਂ ਕਹਾਣੀਆਂ ਤੋਂ ਲੰਮੀਆਂ ਕਹਾਣੀਆਂ ਵੱਲ ਪਰਤਣਾ ਮਹਿਜ਼ ਤਕਨੀਕੀ ਜੁਗਤ ਨਹੀਂ ਇਹ ਵਰਿਆਮ ਸੰਧੂ ਦੇ ਗਲਪ ਸੰਸਾਰ ਦੀ ਲੋੜ ਹੈ ਤੇ ਅੱਗੋਂ ਗਲਪ ਸੰਸਾਰ ਦਾ ਇਹ ਸੰਕਲਪ ਉਸਦੀ ਸਮਾਜਕ ਚੇਤੰਨਤਾ ਚੋਂ ਪੈਦਾ ਹੋਇਆ ਹੈ। ਜਦੋਂ ਕੋਈ ਲੇਖਕ ਆਪਣੇ ਆਲੇ-ਦੁਆਲੇ ਨਾਲ ਜੁੜਿਆ ਹੋਵੇ, ਉਸ ਤੋਂ ਅਸੰਤੁਸ਼ਟ ਹੋਵੇ, ਅਸੰਤੁਸ਼ਟੀ ਕਾਰਨ ਪੁਲਿਸ ਤੇ ਰਾਜਸੱਤਾ ਨਾਲ ਤਣਾਅ ਵਿੱਚ ਰਹਿੰਦਾ ਹੋਵੇ ਅਤੇ ਕਮਿਊਨਿਸਟ ਪਾਰਟੀਆਂ ਤੋਂ ਨਿਰਾਸ਼ ਹੋਵੇ। ਉਸ ਸਮੇਂ ਜੋ ਕੁਝ ਵਾਪਰ ਰਿਹਾ ਹੋਵੇ ਇਸ ਸਾਰੇ ਕੁਝ ਤੋਂ ਬੇਚੈਨੀ ਭਰਿਆ ਹੋਵੇ ਤਾਂ ਹੀ ਕੁਝ ਵਧੀਆ ਲਿਖ ਸਕਦਾ ਹੈ। ਵਰਿਆਮ ਸੰਧੂ ਦੀ ਲਿਖਣ ਕਲਾਂ ਉੱਤੇ ਇਨ੍ਹਾਂ ਸਾਰੇ ਕਾਰਨਾਂ ਦਾ ਪ੍ਰਭਾਵ ਵਧੇਰੇ ਪਿਆ ਹੈ।

'ਭੱਜੀਆਂ ਬਾਹੀਂ' ਕਥਾ ਸੰਗ੍ਰਿਹ ਵਿੱਚਲੀਆਂ ਵਾਪਸੀ 'ਦਲਦਲ' ਅਤੇ 'ਭੱਜੀਆਂ ਬਾਹੀਂ' ਕਹਾਣੀਆਂ ਆਪਣੇ ਕਥਾ ਵਿਸਥਾਰ ਕਰਕੇ ਪਾਠਕਾਂ ਦੀਆਂ ਦਿਲਚਸਪੀ ਦਾ ਖਾਸ ਕੇਂਦਰ ਰਹੀਆਂ ਹਨ। 'ਵਾਪਸੀ' ਪੰਜਾਬੀ ਦੀ ਹੀ ਨਹੀਂ ਸਗੋਂ ਵਿਸ਼ਵ ਕਹਾਣੀ ਸਾਹਿਤ ਦੀ ਇੱਕ ਉੱਤਮ ਪ੍ਰਪਾਤੀ ਹੈ"।[2]

" ਅਜਿਹੇ ਮੰਤਵ ਦੀ ਪੂਰਤੀ ਲਈ ਉਹ ਲੋਕ ਕਹਾਣੀਆਂ ਦੇ ਬਿਰਤਾਂਤ, ਲੋਕ ਅਖਾਣ, ਲਤੀਫੇ, ਤਕੀਆ ਕਲਾਮ ਤੇ ਲੋਕ ਬੋਧ ਦੀ ਵਰਤੋਂ ਵੀ ਥਾਂ ਕਰੀ ਜਾਂਦਾ ਹੈ। ਗਲਪ ਚਿੰਨ੍ਹਾਂ ਰਾਹੀਂ ਗੱਲ ਨੂੰ ਉਭਾਰਨਾ ਅਤੇ ਨਿਖਾਰਨਾ ਉਸਦੀ ਕਹਾਣੀ ਕਲਾ ਦਾ ਇੱਕ ਹੋਰ ਪ੍ਰੱਮਖ ਲੱਛਣ ਹੈ"।[3]

ਵਰਿਆਮ ਸੰਧੂ ਦੀਆਂ ਕਹਾਣੀਆਂ ਵਿੱਚੋਂ ਉਭਰਦੀ ਦ੍ਰਿਸ਼ਟੀ ਗੁਰਦਵਾਰਿਆਂ ਦੇ ਪ੍ਰਧਾਨਾਂ, ਭਾਈਆਂ ਅਤੇ ਰੱਬ ਦੇ ਸੰਕਲਪ ਉਪਰ ਕੇਂਦਰਿਤ ਹੁੰਦੀ ਹੈ। ਧਰਮ ਨੂੰ ਆਲੋਚਨਾਤਮਕ ਦ੍ਰਿਸ਼ਟੀ ਰਾਹੀਂ ਪੇਸ਼ ਕਰਨ ਪਿੱਛੇ ਸੰਧੂ ਦਾ ਮਨੋਰਥ

ਧਾਰਮਿਕ ਸੰਸਥਾਵਾਂ ਵਿੱਚਲੀ ਕਾਣ ਅਤੇ ਧਰਮ ਦੇ ਨਾਂ ਉਪਰ ਹੋ ਰਹੀ ਲੁੱਟ ਨੂੰ ਨੰਗਿਆਂ ਕਰਨਾ ਹੈ। ਤਾਰ ਉੱਤੇ ਤੁਰਦਾ ਆਦਮੀ ਕਹਾਣੀ ਮਨਜੀਤ ਦੀ ਡਰੂ ਮਾਨਸਿਕਤਾ ਨੂੰ ਪੇਸ਼ ਕਰਦੀ ਹੋਈ ਅਨੇਕਾਂ ਹੋਰ ਵੇਰਵਿਆਂ ਨੂੰ ਸਾਂਭੀ ਬੈਠੀ ਹੈ ਪੰਰਤੂ ਮੁੱਖ ਕਥਾ ਵਿੱਚ ਇਨ੍ਹਾਂ ਵੇਰਵਿਆਂ ਦੀ ਕਹਾਣੀ ਨੂੰ ਡੋਲਣ ਨਹੀਂ ਦਿੰਦੀ ਸਗੋਂ ਮਨਜੀਤ ਦੇ ਜੀਵਨ ਵੇਰਵੇ ਇੱਕ ਨਿੰਰਤਰ ਲਕੀਰ ਦੀ ਸ਼ਕਲ ਵਿੱਚ ਨਪੇਰੇ ਚੜ੍ਹ ਜਾਂਦੇ ਹਨ। ਕਹਾਣੀ ਦਾ ਸਮੁੱਚਾ ਬਿਰਤਾਂਤ ਵਿਅੰਗ ਉਪਰ ਟਿਕਿਆ ਹੋਇਆ ਹੈ। ਨੌਕਰੀ ਖੁਸ ਜਾਣ ਤੋਂ ਡਰਦਾ ਇੱਕ ਸਾਧਾਰਨ ਤੇ ਈਮਾਨਦਾਰ ਵਿਅਕਤੀ ਰਾਜਨੀਤਿਕ ਚੌਧਰੀਆਂ ਦੀ ਖਿੱਚ ਧੂਹ ਤੋਂ ਡਰ ਦਾ ਰਹਿੰਦਾ ਹੈ।

ਉਸਦੀ ਮਾਨਸਿਕਤਾ ਪਾਰੇ ਵਾਂਗ ਡੋਲਦੀ ਹੈ। ਮਨਜੀਤ ਹੜਤਾਲ ਤੋਂ ਡਰਦਾ ਕਈ ਬਹਾਨੇ ਬਣਾਉਂਦਾ ਹੈ। ਵਰਿਆਮ ਸਿੰਘ ਸੰਧੂ ਬਤੌਰ ਕਹਾਣੀਕਾਰ ਨਕਸਲਵਾਦੀ ਲਹਿਰ ਦੀ ਉਪਜ ਹੈ ਉਸ ਦੇ ਪਹਿਲੇ ਕਹਾਣੀ ਸੰਗ੍ਰਿਹ ਲੋਹੇ ਦੇ ਹੱਥ ਵਿੱਚੋਂ ਨਕਸਲਵਾਦੀ ਲਹਿਰ ਦੀ ਚੜ੍ਹਤ ਦੇ ਸਮਾਨਾਂਤਰ ਸੰਧੂ ਦੀ ਪ੍ਰਤੀਬੱਧਤਾ ਦਾ ਪੱਤਾ ਲੱਗਦਾ ਹੈ। ਹਨੇਰੀ ਕਹਾਣੀ ਦਾ ਬਿਰਤਾਂਤ ਕ੍ਰਾਂਤੀਕਾਰੀ ਸ਼ਕਤੀਆਂ ਦੇ ਅੰਨੇ ਸਰਕਾਰੀ ਤਸ਼ੱਦਦ ਤੇ ਲੋਕ ਹਮਦਰਦੀ ਦੀ ਘਾਟ ਕਰਕੇ ਤੀਲੋ ਤੀਲ ਹੋ ਜਾਣ ਦਾ ਬੋਧ ਕਰਵਾਉਂਦੀ ਹੈ। ਹਨੇਰੀ ਇਸ ਲਹਿਰ ਨੂੰ ਤੀਲ੍ਹਾ-ਤੀਲ੍ਹਾ ਖਿਲਾਰਨ ਵਾਲੀ ਸਰਕਾਰੀ ਤਾਕਤ ਦਾ ਗਲਪ ਪ੍ਰਤੀਕ ਹੈ। ਵਾਪਸੀ ਕਹਾਣੀ ਦਾ ਕੁਲਦੀਪ ਅਤੇ ਉਸਦੇ ਅਡੰਰ ਗਰਾਊਡੰ ਸਾਥੀ ਵਿਅਕਤੀਗਤ ਕਤਲਾਂ ਦੇ ਮਨਸੂਬਿਆਂ ਨੂੰ ਤਿਆਗ ਕੇ ਮੁੜ ਲੋਕਾਂ ਵਿੱਚ ਜਾ ਕੇ ਜਨਤਕ ਜਥੇਬੰਦੀਆਂ ਕਾਇਮ ਕਰਨ ਵੱਲ ਮੁੜਦੇ ਹਨ ਕਿਉਂਕਿ ਉਸਦੀ ਸੋਚ ਅਨੁਸਾਰ ਵਿਅਕਤੀਗਤ ਕਤਲਾਂ ਦੀ ਲਹਿਰ ਲੋਕਾਂ ਨਾਲੋਂ ਤੋੜਨ ਦਾ ਕਾਰਨ ਬਣਦੀ ਹੈ ਕਿਉਂਕਿ ਕੋਈ ਵੀ ਲਹਿਰ ਲੋਕਾਂ ਨਾਲੋਂ ਟੁੱਟਕੇ ਸਿਰੇ ਨਹੀਂ ਚੜ੍ਹ ਸਕਦੀ।

'ਤਾਰ ਉੱਤੇ ਤੁਰਦਾ' ਆਦਮੀ ਇੱਕ ਸਕੂਲ ਮਾਸਟਰ ਦੀ ਡਰੂ ਮਾਨਸਿਕਤਾ ਦਾ ਭੇਦ ਖੋਲ੍ਹਦੀ ਹੈ ਜੋ ਕਿਸੇ ਵੀ ਝਗੜੇ ਵਿੱਚ ਪਏ ਬਗੈਰ ਦਿਨ ਕੱਟਣੇ ਚਾਹੁੰਦਾ ਹੈ। ਵਰਿਆਮ ਸੰਧੂ ਦੀਆਂ ਕਹਾਣੀਆਂ ਵਿੱਚੋਂ ਉਭਰਦੀ ਇੱਕ ਹੋਰ ਰਾਜਸੀ ਚੇਤਨਾ ਧਨੀ ਕਿਸਾਨੀ ਤੇ ਛੋਟੀ ਕਿਸਾਨੀ ਦੇ ਆਪਸੀ ਟਕਰਾਉ ਤੇ ਤਨਾਉ ਦੀ ਹੈ। ਪਿੰਡ ਦਾ ਇੱਕ ਜੱਟ ਕਿਸਾਨ ਅਜਿਹੇ ਸੱਭਿਆਚਾਰਕ ਗੰਡ ਚਤਰਾਵੇ ਵਿੱਚ ਫਸਿਆ ਹੋਇਆ ਹੈ ਕਿ ਇਸ ਦਾ ਧਨੀ ਕਿਸਾਨੀ ਦੇ ਖਿਲਾਫ ਖਲੋਣਾ ਅਜੇ ਸੰਭਵ ਨਹੀਂ। 'ਚੌਥੀ ਕੂਟ' ਮਨੁੱਖੀ ਮਨ ਉੱਪਰ ਛਾਏ ਅਜਿਹੇ ਡਰ, ਸਹਿਜ ਅਤੇ ਦਹਿਸ਼ਤ ਦੇ ਪ੍ਰਭਾਵਾਂ ਨੂੰ ਬੁਹਤ ਬਾਰੀਕੀ ਨਾਲ ਚਿਤਰਦੀ ਹੈ। ਵਰਿਆਮ ਸੰਧੂ ਦੇ ਸੁਭਾ ਦੇ ਦੋ ਮੁੱਖ ਲੱਛਣ ਹਨ: ਸਹਿਜ ਅਤੇ ਸੰਤੁਲਨ। ਬੋਲਣ ਵਿਚਰਨ ਅਤੇ ਕਿਸੇ ਘਟਨਾ ਦੇ ਪ੍ਰਤੀਕਰਮ ਨੂੰ ਘੋਖਦੇ ਬੌਧਿਕ ਪੱਧਰ ਤੇ ਉਸ ਦਾ ਵਿਸ਼ਲੇਸ਼ਣ ਕਰਨ ਆਦਿ ਸਭ ਜੀਵਨ ਕਿਰਿਆਵਾਂ ਵਿੱਚ ਉਸ ਦੇ ਇਹ ਦੋਵੇਂ ਲੱਛਣ ਕਾਇਮ ਰਹਿੰਦੇ ਹਨ ਅਤੇ ਖੱਬੇ-ਪੱਖੀ ਲਹਿਰ ਨਾਲ ਬੌਧਿਕ ਸੰਪਰਕ ਵੇਲੇ ਵੀ ਉਸ ਦੇ ਇਹ ਲੱਛਣ ਉਸ ਦੀ ਮਾਨਸਿਕਤਾ ਉੱਪਰ ਭਾਰੂ ਰਹੇ ਅਤੇ ਉਸ ਲਹਿਰ ਦੇ ਠਹਿਰਾਵੇ ਵਿੱਚ ਆ ਜਾਣ ਉਪਰੰਤ ਉਸ ਦੀ ਪੁਨਰ ਸੁਰਜੀਤੀ ਵਾਸਤੇ ਮੁੜ ਸਰਗਰਮ ਹੋਣ ਲਈ ਵੀ ਸੰਧੂ ਦੇ ਇਹ

ਸੁਭਾਵਿਕ ਗੁਣ ਉਸ ਲਈ ਵਰਦਾਨ ਸਿੱਧੇ ਹੋਏ ਹਨ। ਅਤਿ ਦੀ ਨਿੱਘਰੀ ਹੋਈ ਸਥਿਤੀ ਵਿੱਚ ਵੀ ਉਹ ਆਸ਼ਾਵਾਦੀ ਰਹਿਣ ਲਈ ਯਤਨਸ਼ੀਲ ਰਹਿੰਦਾ ਹੈ। ਵਰਿਆਮ ਸਿੰਘ ਸੰਧੂ ਚਾਹੁੰਦਾ ਹਾਂ ਕਿ ਲੇਖਕ ਨੂੰ ਕਿਸੇ ਪਾਰਟੀ ਜਾਂ ਲੋਕਾਂ ਦੇ ਸਮੂਹ ਦੇ ਕਹੇ ਧਾਤੂ ਬਣ ਕੇ ਨਹੀਂ ਬੋਲਣਾ ਚਾਹੀਦਾ ਸਗੋਂ ਉਹ ਕੁਝ ਹੀ ਲਿਖਣਾ ਚਾਹੀਦਾ ਹੈ ਜੋ ਉਹਦਾ ਅੰਦਰਲਾ ਕਹਿੰਦਾ ਹੈ ਜੋ ਸਮਾਜਿਕ ਤੋਰ ਕਹਿੰਦੀ ਹੈ।

ਪੰਜਾਬੀ ਕਹਾਣੀ ਦੇ ਖੇਤਰ ਵਿੱਚ ਵਰਿਆਮ ਸੰਧੂ ਕੁਝ ਗਿਣਤੀ ਦੀਆਂ ਕਹਾਣੀਆਂ ਲਿਖ ਕੇ ਹੀ ਆਪਣੀ ਸਾਹਿਤਕ ਪ੍ਰਤਿਭਾ ਦਾ ਸਿੱਕਾ ਮੰਨਵਾ ਗਿਆ ਹੈ। ਇਨ੍ਹਾਂ ਕਹਾਣੀਆਂ ਦਾ ਕਾਰਨ ਇਹ ਹੈ ਕਿ ਉਸ ਨੇ ਬਹੁਤੰਦੀ ਕਹਾਣੀਆਂ ਲਿਖੀਆਂ ਹਨ। ਉਸ ਦੀਆਂ ਕਹਾਣੀਆਂ ਵਡੇਰੇ ਕੈਨਵਸ ਦੀਆਂ ਧਾਰਨੀ ਹਨ। ਉਸ ਦੀਆਂ ਕਹਾਣੀਆਂ ਜਿੱਥੇ ਆਕਾਰ ਪੱਖੋਂ ਲੰਮੀਆਂ ਹਨ ਉਥੇ ਤਨਜ਼ਾਂ ਪੱਖੋਂ ਪਾਠਕ ਨੂੰ ਕੀਲਣ ਵਾਲੀਆਂ ਹਨ। ਪੇਂਡੂ ਨਿਮਨ ਕਿਸਾਨੀ ਦੇ ਕਠੋਰ ਮੁਸ਼ਕਿਲਾਂ ਭਰੇ ਜੀਵਨ ਦੀਆਂ ਪੁੱਠੀਆਂ ਸਿੱਧੀਆਂ ਪਰਤਾਂ ਨੂੰ, ਇਹਨਾਂ ਦੇ ਦੁਖਾਂ, ਕਲੇਸ਼ਾ ਅਤੇ ਝੰਜਟਾਂ ਨੂੰ, ਇਹਨਾਂ ਦੀ ਮੰਦਹਾਲੀ ਅਤੇ ਦੁਖਾਂਤ ਨੂੰ ਚਿੱਤਰਨ ਵਿੱਚ ਵਰਿਆਮ ਸੰਧੂ ਅਸਾਧਾਰਨ ਤਿੱਖੀ ਸੂਝ, ਡੂੰਘੇ ਮਾਨਵੀ ਲਗਾਉ ਅਤੇ ਪ੍ਰਗਤੀਵਾਦੀ ਵਿਚਾਰਧਾਰਾ ਦਾ ਪ੍ਰਦਰਸ਼ਨ ਕਰਦਾ ਹੈ। ਉਸ ਦੀ ਕਹਾਣੀ ਸਰਲ, ਸਪਾਟ ਨਿਰੋਲ ਵੇਰਵਾ ਮੁੱਖ ਨਹੀਂ ਹੁੰਦੀ ਉਹ ਸਮਾਜ ਦੇ, ਮਨੁੱਖ ਦੇ ਠੋਸ ਪ੍ਰਸੰਗਾਂ ਵਿੱਚੋਂ ਇਸ ਦੇ ਭਰਪੂਰ ਉਤਰਾਓ ਅਤੇ ਚੜ੍ਹਾਓ ਨੂੰ ਦੋਗਲੇਪਣ ਅਤੇ ਕਮੀਨਗੀਆਂ ਨੂੰ ਪਕੜਦਾ ਦੇ ਰਹੱਸ ਉਭਾਰਦਾ ਤੁਰਿਆ ਜਾਂਦਾ ਹੈ।

ਇਹੀ ਕਾਰਨ ਹੈ ਕਿ ਉਸ ਦੀ ਲੰਮੀ ਕਹਾਣੀ ਵੀ ਓਕਾਊ ਨਹੀਂ ਹੈ, ਔਖੀ ਨਹੀਂ ਹੈ, ਸਗੋਂ ਪਾਠਕ ਲਈ ਖਿੱਚ ਦਾ ਕਾਰਨ ਬਣਦੀ ਹੈ। ਡੂੰਮ, ਵਾਪਸੀ, ਸੁਨਹਿਰੀ ਕਿਣਕਾ, ਆਪਣਾ-ਆਪਣਾ ਹਿੱਸਾ, ਪਰਛਾਵੇਂ, ਚੌਥੀ ਕੂਟ, ਭੱਜੀਆਂ ਬਾਹੀਂ, ਮੈਂ ਹੁਣ ਠੀਕ-ਠਾਕ ਹਾਂ, ਵਰਗੀਆਂ ਉਸ ਦੀਆਂ ਚਰਚਿਤ ਕਹਾਣੀਆਂ ਇਸ ਦਾ ਉਘੜਵਾਂ ਪ੍ਰਮਾਣ ਹਨ। ਉਸ ਨੇ ਆਪਣੀਆਂ ਰਚਨਾਵਾਂ ਵਿੱਚ ਪੰਜਾਬ ਸੰਕਟ ਦੀ ਧੁਰ ਅੰਦਰਲੀ ਰੂਹ, ਦੁਖਾਂਤ, ਸੰਤਾਪ ਅਤੇ ਪੰਜਾਬੀਅਤ ਦੇ ਮਾਣ ਨੂੰ ਪਕੜਣ ਵਿੱਚ ਸਭ ਤੋਂ ਸਮੱਰਥ ਕਥਾਕਾਰ ਦੇ ਰੂਪ ਵਿੱਚ ਉਭਰਿਆ ਹੈ। ਦਹਿਸ਼ਤ ਦੇ ਦੌਰ ਬਾਰੇ ਵਰਿਆਮ ਸਿੰਘ ਸੰਧੂ ਨੇ ਪੂਰੀ ਜ਼ਿੰਮੇਵਾਰੀ ਨਾਲ ਉਸਾਰੂ ਪ੍ਰਗਤੀਵਾਦੀ ਦ੍ਰਿਸ਼ਟੀਕੋਣ ਤੋਂ ਅਜਿਹੀਆਂ ਕਹਾਣੀਆਂ ਲਿਖੀਆਂ ਜੋ ਸਦੀਵੀਂ ਮਹੱਤਵ ਦੀਆਂ ਧਾਰਨੀ ਹੋ ਨਿਬੜੀਆਂ ਹਨ। ਦਹਿਸ਼ਤ ਦੇ ਖੋਫ, ਅਤਿਵਾਦੀ ਜਬਰ ਅਤੇ ਤਬਾਹੀ ਦੇ ਸੰਤਾਪ, ਸਰਕਾਰੀ ਲੁੱਟ ਦੇ ਜ਼ਖਮ, ਪੰਜਾਬੀਅਤ ਦੇ ਜਿਗਰ, ਹਮਦਰਦੀ ਅਤੇ ਮਿਲਵਰਤਨ ਦੇ ਪਸਾਰਾਂ ਨੂੰ ਵਰਿਆਮ ਸਿੰਘ ਸੰਧੂ ਅਤਿਅੰਤ ਜ਼ਿੰਮੇਵਾਰਾਨਾ, ਸ਼ਕਤੀਸ਼ਾਲੀ, ਅਤੇ ਸਮਝ ਦੀ ਦ੍ਰਿਸ਼ਟੀ ਤੋਂ ਪੇਸ਼ ਕਰਨ ਵਾਲਾ ਕਹਾਣੀਕਾਰ ਹੈ।

ਵਰਿਆਮ ਸਿੰਘ ਸੰਧੂ ਮੂਲ ਰੂਪ ਵਿੱਚ ਕਿਰਸਾਨੀ ਵਿਰਸੇ ਵਿੱਚੋਂ ਉਭਰਿਆ ਕਥਾਕਾਰ ਹੈ ਅਤੇ ਉਸ ਦੇ ਸੰਸਕਾਰਾਂ ਵਿੱਚ ਕਿਸਾਨੀ ਲਹੂ ਦੌੜ੍ਹਦਾ ਹੈ। ਇਹੀ ਕਾਰਨ ਹੈ ਕਿ ਉਸ ਦੀਆਂ ਕਹਾਣੀਆਂ ਕਿਸੇ ਨਾ ਕਿਸੇ ਰੂਪ ਵਿੱਚ ਕਿਸਾਨੀ ਜੀਵਨ ਦੀ ਪੇਸ਼ਕਾਰੀ ਕਰਦੀਆਂ ਹਨ ਅਤੇ ਉਹ ਕਿਰਸਾਨੀ ਦੀਆਂ ਸਮੱਸਿਆਵਾਂ ਨੂੰ ਪੇਸ਼ ਕਰਨ ਵਿੱਚ ਸਮੱਰਥ ਲੇਖਕ ਹੈ। "ਵਰਿਆਮ ਸੰਧੂ ਖੁਦ ਲਿਖਦਾ ਹੈ ਅਸਲ ਵਿੱਚ ਨਕਸਲਬਾੜੀ ਲਹਿਰ ਨਾਲੋਂ ਵਿੱਥ ਥਾਪ ਲੈਣ ਤੋਂ ਬਾਅਦ ਮੈਂ ਮਹਿਸੂਸ ਕਰ ਲਿਆ ਕਿ ਸਾਹਿਤ ਜ਼ਿੰਦਗੀ ਨੂੰ ਬਦਲਣ ਦਾ ਮੁੱਢਲਾ ਹਥਿਆਰ ਨਹੀਂ ਭਾਵੇਂ ਕਿ ਸਮਾਜਿਕ ਮਨੁੱਖੀ ਤਬਦੀਲੀ ਲਈ ਇਸ ਦੇ ਮਹੱਤਵ ਤੋਂ ਇਨਕਾਰੀ ਨਹੀਂ ਹੋਇਆ ਜਾਂ ਸਕਦਾ। ਸਾਹਿਤ ਵਿੱਚ ਜ਼ਿੰਦਗੀ ਦਾ ਯਥਾਰਥ ਤੇ ਪ੍ਰਮਾਣਿਕ ਚਿੱਤਰ ਪੇਸ਼ ਕਰਨ ਦੀ ਮੇਰੀ ਰੀਝ ਨੇ ਮੈਨੂੰ ਮਜ਼ਬੂਰ ਕੀਤਾ ਕਿ ਮੈਂ ਆਪਣੇ ਆਲੇ- ਦੁਆਲੇ ਦੀ ਜ਼ਿੰਦਗੀ ਨੂੰ ਜਿੰਨੀ ਸ਼ਿਦਤ ਅਤੇ ਡੂੰਘਾਈ ਨਾਲ ਮਹਿਸੂਸ ਕਰਦਾ ਹਾਂ, ਉਸ ਨੂੰ ਉਸੇ ਡੂੰਘਾਈ ਨਾਲ ਆਪਣੀਆਂ ਕਹਾਣੀਆਂ ਵਿੱਚ ਚਿੱਤਰਾਂ, ਮੈਂ ਕਿਉਂਕਿ ਕਿਰਸਾਣ ਦਾ ਪੁੱਤਰ ਸਾਂ ਅਤੇ ਕਿਰਸਾਣੀ ਜੀਵਨ ਨੂੰ ਬਹੁਤ ਨੇੜਿਓ ਜਾਣਦਾ ਸਾਂ ਇਸ ਲਈ ਮੈਂ ਉਸ ਜੀਵਨ ਨੂੰ ਆਪਣੀਆਂ ਕਹਾਣੀਆਂ ਦਾ ਆਧਾਰ ਬਣਾਇਆ"।

ਵਰਿਆਮ ਸਿੰਘ ਸੰਧੂ ਦੀਆਂ ਵਧੇਰੇ ਕਹਾਣੀਆਂ ਪੰਜਾਬ ਦੀਆਂ ਸਮਾਜਿਕ, ਆਰਥਿਕ ਤੇ ਰਾਜਸੀ ਸਥਿਤੀਆਂ ਦੇ ਗਤੀਸ਼ੀਲ ਸੰਦਰਭ ਵਿੱਚ ਕਿਸਾਨ ਪਰਿਵਾਰਕ ਜੀਵਨ ਦੇ ਰਿਸ਼ਤਿਆਂ ਦੇ ਤਿੜਕ ਜਾਣ ਅਤੇ ਮਨੁੱਖੀ ਮਨ ਅੰਦਰ ਵਾਪਰੀ ਘੋਰ ਇੱਕਲਾਪੇ, ਤੇ ਆਤਮ ਪਰਾਏਪਣਾਂ ਦੀ ਘੁੱਟਣ ਭਰੀ ਤ੍ਰਾਸਦਿਕ ਸਥਿਤੀ ਨੂੰ ਸਥਾਪਿਤ ਕਰਦਾ ਹੈ। ਵਰਿਆਮ ਸਿੰਘ ਸੰਧੂ ਸਾਡੇ ਪੇਂਡੂ ਭਾਈਚਾਰੇ ਦੇ ਟੁੱਟਦੇ ਬਣਦੇ ਰਿਸ਼ਤਿਆਂ ਨੂੰ ਪੇਸ਼ ਕਰਨ ਵਾਲਾ ਕਹਾਣੀਕਾਰ ਹੈ। ਵਰਿਆਮ ਸਿੰਘ ਸੰਧੂ ਪੇਂਡੂ ਭਾਈਚਾਰੇ ਦੇ ਉਸ ਸਮੁੱਚੇ ਅੰਦਰਲੇ ਰਿਸ਼ਤਿਆ ਦੇ ਖੋਖਲੇਪਨ ਦਾ ਪ੍ਰਭਾਵ ਉਸਾਰਦਾ ਹੈ ਜਿਸ ਦੇ ਅੰਦਰ ਮਨੁੱਖ ਦੀ ਭਾਵੁਕ ਪੂਰਤੀ ਲਈ ਦੋ ਹੀ ਰਾਹ ਖੁੱਲ੍ਹਦੇ ਹਨ, ਪੈਸਾ ਵੱਧ ਹੋਵੇ ਤਾਂ ਅਯਾਸੀ ਦਾ ਪੈਸਾ ਥੁੜ ਜਾਵੇ ਤਾਂ ਸਮਾਜਿਕ ਕਰਤੱਵ ਪਾਲਣ ਦਾ, ਦੋਹਾਂ ਹਾਲਤਾਂ ਵਿੱਚ ਮਨੁੱਖ ਆਪਣੇ ਸਮਾਜਿਕ ਕਰਤੱਵ ਨੂੰ ਪੂਰਾ ਕਰਦਾ ਅੰਦਰੋਂ-ਅੰਦਰ ਭੁਰਦਾ ਤੇ ਖੁਰਦਾ ਹੈ।

ਕਹਾਣੀ 'ਚੌਥੀ ਕੂਟ' ਮਨੁੱਖੀ ਮਨ ਉੱਤੇ ਛਾਏ ਅਜਿਹੇ ਡਰ, ਸਹਿਮ ਅਤੇ ਦਹਿਸ਼ਤ ਦੇ ਪ੍ਰਭਾਵਾਂ ਨੂੰ ਬਹੁਤ ਬਾਰੀਕੀ ਨਾਲ ਚਿਤਰਦੀ ਹੈ। ਰਾਜਕੁਮਾਰ ਦੇ ਧੁਰ ਅੰਦਰ ਖਾੜਕੂ ਲਹਿਰ ਦੇ ਚਰਚਿਤ ਸਥਾਨ ਅੰਮ੍ਰਿਤਸਰ ਤੋਂ ਦੂਰ ਧੁਰ ਬਾਰਡਰ ਕਿਨਾਰੇ ਰਾਤ ਦੇ ਹਨੇਰੇ ਵਿੱਚ ਪਹੁੰਚਣ ਦਾ ਖੌਫ ਭਾਰੀ ਹੈ। ਅਜਿਹੇ ਤਨਾਉ ਭਰੇ ਸੰਕਟਮਈ ਮਾਹੌਲ ਵਿੱਚ ਹਿੰਦੂ ਤੇ ਸਿੱਖਾਂ ਦਰਮਿਆਨ ਸੰਵਾਦ ਚਲਦਾ ਰਹਿੰਦਾ ਹੈ। ਪੰਜਾਬੀ ਕਹਾਣੀ ਵਿੱਚ ਸੰਧੂ ਇੱਕ ਨਿਵੇਕਲਾ ਹਸਤਾਖਰ ਹੈ ਜਿੱਥੇ ਦੇ ਕਥਾ ਮਾਡਲ ਦੀ ਰੀਸ ਉਸ ਦੇ ਸਮਕਾਲੀ ਅਤੇ ਉੱਤਰਕਾਲੀ ਕਹਾਣੀਕਾਰ ਵੀ ਕਰਨਾ ਲੋਚਦੇ ਹਨ ਪਰ ਉਸ ਵਰਗੀ ਬਹੁ-ਪਰਤੀ ਵੱਡ ਕਹਾਣੀ ਕੋਈ ਵਿਰਲਾ ਲੇਖਕ ਹੀ ਲਿਖ ਸਕੇਗਾ। ਵਰਿਆਮ ਸਿੰਘ ਸੰਧੂ ਆਪਣੀਆਂ ਰਚਨਾਵਾਂ ਵਿੱਚ ਹਰ ਪੀੜਤ ਧਿਰ ਦਾ ਧਾਰਨੀ ਹੈ ਕਿ ਕਿਸੇ ਧਿਰ ਨੂੰ ਸਿੱਖ ਹੋਣ ਕਰਕੇ ਹੀ ਇਨਸਾਫ ਦੇਣ ਦੀ ਥਾਂ

ਕੁੱਟਿਆ ਮਾਰਿਆ ਜਾਂ ਰਿਹਾ ਹੋਵੇ ਇਹ ਉਚਿੱਤ ਨਹੀ। ਲੇਖਕ ਤਾਂ ਹਰ ਪੀੜਿਤ ਧਿਰ ਦਾ ਮੁੱਦਈ ਹੁੰਦਾ ਹੈ ਸੰਧੂ ਉਸ ਸਿੱਖੀ ਦਾ ਵੀ ਵਿਰੋਧੀ ਹੈ ਜੋ ਬੇਗੁਨਾਹਾਂ ਦੇ ਕਤਲ ਕਰਦੀ ਹੈ ਅਤੇ ਫਿਰਕੂ ਸੋਚ ਦੀ ਧਾਰਨੀ ਹੈ। ਵਰਿਆਮ ਸੰਧੂ ਦੀਆਂ ਕਹਾਣੀਆਂ ਦੇ ਸਿਰਲੇਖ ਵੀ ਅਚੰਭਾ ਪੈਦਾ ਕਰਨ ਵਾਲੇ ਹੁੰਦੇ ਹਨ। ਇਹ ਕਹਾਣੀ ਦੇ ਵਿਸ਼ਾ ਵਸਤੂ ਨੂੰ ਬਿਆਨ ਕਰਨ ਦਾ ਪ੍ਰਤੀਕ ਬਣਦੇ ਹਨ, ਉੱਥੇ ਪਾਠਕ ਲਈ ਜਗਿਆਸਾ ਵੀ ਪੈਦਾ ਕਰਦੇ ਹਨ। ਚੌਥੀ ਕੂਟ ਉਸ ਲੋਕ ਕਹਾਣੀ ਜਾਂ ਮਿੱਥ ਕਥਾ ਦੀ ਚੌਥੀ ਦਿਸ਼ਾ ਹੈ ਜਿਸ ਵੱਲ ਜਾਣਾ ਵਰਜਿਤ ਹੈ ਕਿਉਂਕਿ ਇਹ ਦਿਸ਼ਾ ਖਤਰਿਆਂ ਤੋਂ ਖਾਲੀ ਨਹੀਂ ਹੈ। ਪੰਜਾਬ ਵੱਲ ਸੰਕਟ ਦੇ ਦਿਨਾਂ ਵਿੱਚ ਮੂੰਹ ਕਰਨਾ ਚੌਥੀ ਕੂਟ ਵੱਲ ਜਾਣ ਦੇ ਸਮਾਨ ਲਗਦਾ ਹੈ। ਇਹ ਗੱਲ ਕਹਾਣੀ ਦੇ ਆਰੰਭ ਵਿੱਚ ਸਾਹਮਣੇ ਆ ਜਾਂਦੀ ਹੈ। ਰਚਨਾ ਵਸਤੂ ਲਈ ਕਿਰਸਾਨੀ ਜੀਵਨ ਅਨੁਭਵ ਦੀ ਸੁਚੇਤ ਪੱਧਰ ਤੇ ਚੋਣ ਕਰਨ ਦਾ ਬੁਨਿਆਦੀ ਆਧਾਰ ਤਾਂ ਇਹੀ ਹੈ ਕਿ ਸੰਧੂ ਕਿਰਸਾਣੀ ਪਿਛੋਕੜ ਦਾ ਹੋਣ ਕਰਕੇ ਇਸ ਵਰਗ ਦੇ ਜੀਵਨ ਦਾ ਨਿੱਜੀ ਅਨੁਭਵ ਰੱਖਦਾ ਹੈ। ਇਸ ਲਈ ਸਰਮਾਏਦਾਰੀ ਉਤਪਾਦਨ ਪ੍ਰਣਾਲੀ ਰਾਹੀ ਪਰਿਵਰਤਿਤ ਹੋਏ ਆਰਥਿਕ ਪ੍ਰਬੰਧ ਵਿੱਚ ਆਪਣੀਆਂ ਠੋਸ ਜੜ੍ਹਾਂ ਤੋਂ ਹਿਲ ਗਈ ਨਿਮਨ ਕਿਰਸਾਣੀ ਦੀ ਸਵੈ ਨਿਰਭਰ ਹੋਂਦ ਗੁਆਚਣ ਕਰਕੇ ਇਸ ਨਾਲ ਉਸ ਦੀ ਹਮਦਰਦੀ ਹੋ ਜਾਣੀ ਸੁਭਾਵਕ ਹੈ।

" ਛੋਟੀ ਕਿਰਸਾਣੀ ਨਾਲ ਮੇਰਾ ਮੋਹ ਛੋਟੀ ਕਿਰਸਾਣੀ ਵਿੱਚੋਂ ਹੋਣ ਕਰਕੇ ਹੈ। ਉਹਨਾਂ ਦੇ ਦੁੱਖਾਂ-ਪੀੜਾਂ ਨੂੰ ਨੇੜਿਓ ਜਾਣਦਾ ਕਰਕੇ ਲਿਖਿਆ ਹੈ। ਕੰਮੀ- ਕਮੀਣ ਤੰਗ ਹਨ, ਮੈਂ ਵੀ ਮੰਨਦਾ ਹਾਂ ਪਰ ਉਹਨਾਂ ਬਾਰੇ ਮੈਂ ਏਨਾ ਬਾਰੀਕੀ ਵਿੱਚ ਨਹੀਂ ਜਾਣਦਾ ਜਿੰਨਾ ਕਿਰਸਾਣੀ ਬਾਰੇ ਜਾਣਦਾ ਹਾਂ"।[4]

ਜਿੱਥੇ ਨਿਮਨ ਕਿਰਸਾਣੀ ਦੇ ਆਰਥਿਕ ਸੰਕਟ ਨੇ ਸੰਧੂ ਨੂੰ ਇਸ ਦੇ ਜੀਵਨ ਚਿਤਰਨ ਵੱਲ ਪ੍ਰੇਰਿਆ ਹੈ ਉੱਥੇ ਰਾਜਨੀਤਕ ਤੌਰ ਤੇ ਚੇਤੰਨ ਹੋਣ ਦੇ ਕਾਰਣ ਉਸ ਦੀ ਵਸਤੂ ਚੋਣ ਦਾ ਆਧਾਰ ਰਾਜਨੀਤਕ ਹੈ। ਭਾਰਤ ਦੀ ਆਜ਼ਾਦੀ ਤੋਂ ਬਾਅਦ ਕੇਂਦਰ ਵਿੱਚ ਸਥਾਪਿਤ ਸਰਕਾਰ ਦੁਆਰਾ ਪੰਜਾਬ ਵੱਲ ਬਸਤੀਵਾਦੀ ਦ੍ਰਿਸ਼ਟੀ ਅਪਣਾਏ ਜਾਣ ਕਾਰਣ ਪੰਜਾਬ ਦੇ ਵੱਖ- ਵੱਖ ਕਿਰਸਾਨੀ ਉਪਵਰਗਾਂ ਵਿੱਚ ਕੇਂਦਰੀ ਸਥਾਪਤੀ ਪ੍ਰਤੀ ਮੋਹ ਭੰਗ ਦੀ ਅਵਸਥਾ ਪੈਦਾ ਹੋਈ। ਉਸ ਵਿਚਾਰਧਾਰਾਂ ਨੂੰ ਸਾਹਿਤ ਦੇ ਮਾਧਿਅਮ ਰਾਹੀ ਪੇਸ਼ ਕਰਨ ਵਾਲੇ ਪੰਜਾਬੀ ਕਹਾਣੀਕਾਰਾਂ ਵਿੱਚੋਂ ਸੰਧੂ ਨਿਮਨ ਕਿਰਸਾਨੀ ਦੀ ਪ੍ਰਤੀਨਿਧਤਾ ਕਰਦਾ ਹੈ। ਵਰਿਆਮ ਸਿੰਘ ਸੰਧੂ ਦੇ ਰਚਨਾ ਕਾਰਜ ਦਾ ਮੁੱਢਲਾ ਪੜਾਅ 'ਲੋਹੇ ਦੇ ਹੱਥ' ਕਹਾਣੀ ਸੰਗ੍ਰਿਹ ਵਿੱਚ ਪ੍ਰਕਾਸ਼ਿਤ ਕਹਾਣੀਆਂ ਅਤੇ ਉਸ ਤੋਂ ਪਹਿਲਾਂ ਵੱਖ-ਵੱਖ ਪੰਜਾਬੀ ਮਾਸਿਕ ਪੱਤਰਕਾਵਾਂ ਵਿੱਚ ਛਪੀਆਂ ਕਵਿਤਾਵਾਂ ਤੇ ਕਹਾਣੀਆਂ ਦਾ ਹੈ। ਇਨ੍ਹਾਂ ਲਿਖਤਾਂ ਦਾ ਰਚਨਾ ਕਾਲ ਪੰਜਾਬ ਵਿੱਚ ਨਕਸਲਵਾੜੀ ਲਹਿਰ ਦੇ ਪ੍ਰਵੇਸ਼ ਕਰਨ ਅਤੇ ਕਾਰਜਸ਼ੀਲ ਹੋਣ ਵੇਲੇ ਦਾ ਹੈ।

ਪੰਜਾਬ ਦੇ ਸ਼ੋਸ਼ਿਤ ਵਰਗਾਂ ਦੇ ਥੁੜ੍ਹਾਂ ਮਾਰੇ ਜੀਵਨ ਤੋਂ ਉਪਜੀ ਤ੍ਰਾਸਦੀ ਅਤੇ ਰੋਹ ਦਾ ਮਿਸ਼ਰਤ ਅਨੁਭਵ ਇਨ੍ਹਾਂ ਰਚਨਾਵਾਂ ਵਿੱਚ ਪੇਸ਼ ਹੋਇਆ। ਲੇਖਕ ਦੀ ਦ੍ਰਿਸ਼ਟੀ ਅਤੇ ਰਚਨਾ ਵਸਤੂ ਅਨੁਕੂਲ ਇਨ੍ਹਾਂ ਰਚਨਾਵਾਂ ਦੀ ਸੁਰ ਵਧੇਰੇ

ਕਰਕੇ ਪ੍ਰਚਾਰਕ ਅਤੇ ਭਾਸ਼ਣ ਵਾਲੀ ਹੈ। ਪੰਜਾਬ ਦੀਆਂ ਵਿਸ਼ੇਸ਼ ਪ੍ਰਸਥਿਤੀਆਂ ਦੇ ਅੰਤਰਗਤ ਇਨ੍ਹਾਂ ਰਚਨਾਵਾਂ ਦਾ ਸਰੋਤਾ ਆਧਾਰ ਵਧੇਰੇ ਕਰਕੇ ਕਿਰਸਾਨੀ ਵਰਗ ਨੂੰ ਮੰਨਿਆ ਗਿਆ ਹੈ। ਇਸ ਲਈ ਇਨ੍ਹਾਂ ਵਿੱਚ ਆਪਣੀ ਵਿਚਾਰਧਾਰਾ ਦਾ ਪ੍ਰਗਟਾਵਾ ਵੀ ਸਿੱਖ ਸੰਸਕ੍ਰਿਤੀ ਦੀ ਜੁਝਾਰੂ ਸਰੂਪ ਵਾਲੀ ਪਰੰਪਰਾ ਵਿੱਚੋਂ ਲਏ ਗਏ ਚਿਨ੍ਹਾਂ ਰਾਹੀ ਕੀਤਾ ਗਿਆ ਹੈ। ਵਰਿਆਮ ਸਿੰਘ ਸੰਧੂ ਦੀਆਂ ਇਸ ਦੌਰ ਦੀਆਂ ਕਹਾਣੀਆਂ ਤੇ ਕਵਿਤਾਵਾਂ ਦਾ ਵਸਤੂ ਲਗਭਗ ਸਾਂਝਾ ਹੈ ਪਰ ਇਹ ਕਵਿਤਾਵਾਂ ਨਾਲੋਂ ਕਹਾਣੀਆਂ ਵਿੱਚ ਜ਼ਰਾ ਵਧੇਰੇ ਵਿਸਥਾਰ ਵਿੱਚ ਪੇਸ਼ ਹੋਇਆ ਹੈ।

ਵਰਿਆਮ ਸਿੰਘ ਸੰਧੂ ਦੀ ਰਚਨਾ ਦਾ ਇੱਕ ਨਵਾਂ ਪੜਾਅ ਅੱਠਵੇਂ ਦਹਾਕੇ ਦੇ ਅੱਧ ਤੋਂ ਪੰਜਾਬ ਵਿੱਚ ਨਕਸਲਬਾੜੀ ਲਹਿਰ ਦੇ ਜਮੂਦ ਵਿੱਚ ਆ ਜਾਣ ਉਪਰੰਤ ਸ਼ੁਰੂ ਹੁੰਦਾ ਹੈ। ਉਸ ਦੀ ਕਹਾਣੀ ਧੀਮੀ ਗਤੀ ਵਾਲੀ ਜਲਿਟ ਵਿਧਾ ਨੂੰ ਅਪਣਾਉਂਦੀ ਹੈ। ਅਜੋਕੇ ਯੁੱਗ ਦੀ ਜਲਿਟ ਜੀਵਨ ਜਾਚ ਨੂੰ ਸਮੱਗਰਤਾ ਸਾਹਿਤ ਪੇਸ਼ ਕਰ ਸਕਣ ਵਾਲਾ ਸਾਹਿਤ ਰੂਪ ਨਾਵਲ ਹੈ। ਇਸ ਲਈ ਸੰਧੂ ਜਦੋਂ ਕਿਸੇ ਨਾਵਲੀ ਵਿਸਥਾਰ ਵਾਲੇ ਵਸਤੂ ਯਥਾਰਥ ਨੂੰ ਸੰਕੋਚ ਕੇ ਕਹਾਣੀ ਵਿੱਚ ਪੇਸ਼ ਕਰਨਾ ਚਾਹੁੰਦਾ ਹੈ ਤਾਂ ਉਹ ਆਪਣੀ ਉੱਚ ਪ੍ਰਤਿਭਾ ਕਾਰਨ ਹੀ ਸਫਲ ਹੁੰਦਾ ਹੈ ਵਰਨਾ ਇਹ ਰੁਚੀ ਉਸ ਦੀ ਰਚਨਾ ਦੇ ਪ੍ਰਭਾਵ ਨੂੰ ਖਿੰਡਾਅ ਵੀ ਸਕਦੀ ਹੈ। ਇਸ ਪ੍ਰਤਿਭਾ ਸਦਕਾ ਉਸ ਦੀਆਂ ਕਹਾਣੀਆਂ ਵਿੱਚ ਕਹਾਣੀ ਦੀ ਵਿਧਾ ਅਤੇ ਨਾਵਲੀ ਵਿਸਥਾਰ ਇੱਕ ਸੰਤੁਲਨ ਸਥਾਪਿਤ ਹੋ ਜਾਂਦਾ ਹੈ। ਇਸ ਵਿਆਖਿਆ ਤੋਂ ਭਾਵ ਸੰਧੂ ਦੀ ਰਚਨਾ ਦ੍ਰਿਸ਼ਟੀ ਵਿੱਚ ਆਏ ਵਿਕਾਸ ਦੀ ਦਿਸ਼ਾ ਲੱਛਣ ਅਤੇ ਪ੍ਰਯੋਜਨ ਦੇ ਸਰੂਪ ਨੂੰ ਸਪੱਸ਼ਟ ਕਰਨਾ ਸੀ। ਉਸ ਦੇ ਸਵੈ ਕਥਨਾਂ ਵਿੱਚੋਂ ਵੀ ਉਸਦੀ ਸਿਰਜਣ ਪ੍ਰਕਿਰਿਆ ਦੀ ਪਛਾਣ ਸੰਭਵ ਹੈ। ਉਹ ਆਪਣੀ ਕਾਵਿ ਸਿਰਜਣਾ ਨੂੰ ਜੁਝਾਰਵਾਦੀ ਦੌਰ ਦੀ ਉਪਜ ਮੰਨਦਾ ਹੈ ਤੇ ਇਹ ਵੀ ਉਸ ਦੌਰ ਦੇ ਬੀਤਣ ਨਾਲ ਉਸ ਦੀ ਰਚਨਾ ਵਸਤੂ ਵਿੱਚ ਆਈ ਤਬਦੀਲੀ ਕਾਰਣ ਉਹ ਕਾਵਿ ਸਿਰਜਣਾ ਤੋਂ ਕਹਾਣੀ ਸਿਰਜਣਾ ਵੱਲ ਰੁਚਿਤ ਹੋਇਆ।

" ਮੈਂ ਸਮਝਦਾ ਹਾਂ ਕਿ ਕਹਾਣੀ ਤੇ ਨਾਵਲ ਜਾਂ ਕਹਿ ਲਵੋ ਗਲਪ ਜੀਵਨ ਯਥਾਰਥ ਨੂੰ, ਜੋ ਬਹੁ ਪਸਾਰੀ ਹੈ, ਕਵਿਤਾ ਨਾਲੋਂ ਵਧੇਰੇ ਸਮਰਥਾ ਨਾਲ ਪੇਸ਼ ਕਰਨ ਵਾਲਾ ਮਾਧਿਅਮ ਹੈ ਇਸ ਲਈ ਮੈਂ ਸੁਚੇਤ ਜਾਂ ਅਚੇਤ ਕਹਾਣੀ ਵੱਲ ਮੁੜਿਆ"।[5]

ਵਰਿਆਮ ਸਿੰਘ ਸੰਧੂ ਆਪਣੀ ਕਹਾਣੀ ਸਿਰਜਣਾ ਦੇ ਬੁਨਿਆਦੀ ਪ੍ਰੇਰਨਾ ਸਰੋਤਾਂ ਨੂੰ ਆਪਣੀ ਸੂਝ ਦੇ ਮੁੱਢਲੇ ਵਿਕਾਸ ਪੜਾਅ ਨਾਲ ਜੋੜਦਾ ਹੈ। ਪ੍ਰਸਥਿਤੀਆਂ ਦੇ ਬਦਲਦੇ ਪ੍ਰਸੰਗਾਂ ਵਿੱਚ ਉਸਦੀ ਚੇਤਨਾ ਉਪਰ ਪਏ ਪ੍ਰਭਾਵਾਂ ਦੇ ਪ੍ਰਤੀਕਰਮ ਵਜੋਂ ਪਰਿਪੱਕ ਹੋਈ ਸੂਝ ਕਾਰਣ ਉਸਦੀ ਕਹਾਣੀ ਨਾਲ ਸਾਂਝ ਪਾਈ :-

" ਮੈਨੂੰ ਤਾਂ ਲੱਗਦਾ ਹੈ ਜਦੋਂ ਨਿੱਕੇ ਹੁੰਦਿਆਂ ਦਾਦੀ ਦੀ ਗੋਂਦ ਵਿੱਚ ਬਹਿ ਕੇ ਮੈਂ ਅੱਧੀ ਰਾਤ ਤੱਕ ਉਸ ਤੋਂ ਬਾਤਾਂ ਸੁਣਦਾ ਹੁੰਦਾ ਸਾਂ, ਜਾਂ ਸਵੇਰੇ ਤੜਕੇ ਬਾਪੂ ਦੇ ਕੰਧਾੜੇ ਚੜ੍ਹ ਕੇ ਗੁਰਦੁਆਰੇ ਵਿੱਚ ਜਾਂਦਾ ਤੇ ਭਾਈ

ਦੀ ਕਥਾ ਬੜੇ ਧਿਆਨ ਨਾਲ ਸੁਣਦਾ ਸਾਂ, ਤਾਂ ਮੇਰੇ ਅੰਦਰ ਜ਼ਰੂਰ ਕਿਧਰੇ ਕਹਾਣੀ ਦਾ ਬੀਜ ਡਿੱਗ ਪਿਆ ਹੋਵੇਗਾ ਜੋ ਸਮਾਂ ਆਉਣ ਤੇ ਲੋੜੀਂਦੀ ਰੋਸ਼ਨੀ ਅਤੇ ਗਰਮੀ ਮਿਲਣ ਨਾਲ ਫੁੱਟ ਪਿਆ ਹੋਵੇਗਾ"।[6]

ਵਰਿਆਮ ਸਿੰਘ ਸੰਧੂ ਆਪਣੀ ਰਚਨਾ ਪ੍ਰਕਿਰਿਆ ਨੂੰ ਸਮਾਜਿਕ ਚੇਤਨਾ ਨਾਲ ਸਬੰਧਿਤ ਕਰਕੇ ਵੇਖਦਾ ਹੈ। ਕੋਈ ਭਾਵ ਆਵੇਸ਼ ਜਾਂ ਜਮਾਂਦਰੂ ਵਰਦਾਨ ਨੂੰ ਉਹ ਆਪਣੀ ਰਚਨਾ ਸ਼ਕਤੀ ਦਾ ਆਧਾਰ ਨਹੀਂ ਮੰਨਦਾ ਸਗੋਂ ਜੀਵਨ ਸਮਝ ਨੂੰ ਉਹ ਆਪਣੀ ਸਿਰਜਣਾਤਮਕ ਪ੍ਰਤਿਭਾ ਦਾ ਤੱਤ ਮਹਿਸੂਸ ਦਾ ਹੈ। ਜ਼ਿੰਦਗੀ ਵਿੱਚ ਵਿਚਰਦਿਆਂ ਜਦ ਕੋਈ ਪ੍ਰਭਾਵਤ ਕਰਨ ਵਾਲੀ ਘਟਨਾ ਸੰਧੂ ਦੀ ਅੰਤਰ ਆਤਮਾ ਤੱਕ ਹਲੂਣ ਜਾਂਦੀ ਹੈ ਤਾਂ ਜ਼ਿੰਦਗੀ ਦੇ ਵਿਸ਼ਾਲ ਚਿੱਤਰ ਤੋਂ ਉਹ ਉਸ ਘਟਨਾ ਦੇ ਵੱਖ-ਵੱਖ ਪਸਾਰਾਂ ਦੀ ਤਲਾਸ਼ ਕਰਦਾ ਰਹਿੰਦਾ ਹੈ। ਪਹਿਲੀ ਘਟਨਾ ਸਥਿਤੀ ਨੂੰ ਦੂਜੀ ਦੇ ਸੰਦਰਭ ਵਿੱਚ ਘੋਖਦਾ ਅਤੇ ਫਿਰ ਉਨ੍ਹਾਂ ਘਟਨਾਵਾਂ ਦੇ ਇਤਿਹਾਸਕ-ਸਮਾਜਿਕ ਪੱਖ ਨੂੰ ਸਮਝਦਾ ਹੈ। ਜਦੋਂ ਆਪਣੇ ਜੀਵਨ ਦ੍ਰਿਸ਼ਟੀਕੋਣ ਤੋਂ ਵਸਤੂ ਸਥਿਤੀ ਦੇ ਬਹੁ ਪਸਾਰਾਂ, ਬਹੁ ਰਹੱਸਾਂ ਅਤੇ ਬਹੁ ਪਰਤਾਂ ਦੀ ਥਾਹ ਪਾ ਲੈਂਦਾ ਹੈ ਤਾਂ ਕਿਸੇ ਵੀ ਸਮੇ ਕਿੰਨੀਆਂ ਵੀ ਬੈਠਕਾਂ ਵਿੱਚ ਉਸ ਅਨੁਭਵ ਨੂੰ ਕਲਮਬੱਧ ਕਰ ਦਿੰਦਾ ਹੈ। ਇਸ ਲਈ ਉਸ ਦੀ ਰਚਨਾ ਭਾਵਾਂ ਵਿਚਾਰਾਂ ਦਾ ਸੰਗਠਨ ਨਹੀਂ, ਸਗੋਂ ਜ਼ਿੰਦਗੀ ਦੀ ਸੂਝ ਰਾਹੀ ਜੀਵਨ ਗਤੀ ਵਿੱਚੋਂ ਪ੍ਰਾਪਤ ਹੋਏ ਸੁਚੇਤ ਅਨੁਭਵ ਦਾ ਪ੍ਰਗਟਾਵਾ ਹੈ।

ਸਵੈ ਮੁਲੰਕਣ ਦੀ ਤੀਖਣ ਸੋਝੀ ਦਾ ਸਵਾਮੀ ਹੋਣ ਕਾਰਣ ਵਰਿਆਮ ਸੰਧੂ ਕੱਚੇ ਪੱਕੇ ਅਨੁਭਵਾਂ ਨੂੰ ਬੌਧਿਕ ਪ੍ਰੀਖਿਆ ਵਿੱਚੋਂ ਲੰਘਾ ਕੇ ਰਚਨਾ ਦਾ ਰੂਪ ਦਿੰਦਾ ਹੈ। ਵਰਿਆਮ ਸੰਧੂ ਇਸ ਪੱਖੋਂ ਸੁਚੇਤ ਹੈ ਉਹ ਆਪਣੀ ਰਚਨਾ ਨੂੰ ਪੂੰਜੀਵਾਦੀ ਉਤਪਾਦਨ ਵਿਧੀ ਤੋਂ ਨਿਰਲੇਪ ਰੱਖਦਿਆਂ ਸਮਾਜਿਕ ਚੇਤਨਾ ਦੇ ਵਿਕਾਸ ਹਿੱਤ ਵਰਤਦਾ ਹੈ। ਦਲਿਤ ਵਰਗਾਂ ਦੀ ਚੇਤਨਾ ਨੂੰ ਉਸਾਰੂ ਬਨਾਉਣ ਦੇ ਪ੍ਰਯੋਜਨ ਹਿੱਤ ਸੰਧੂ ਆਪਣੀ ਰਚਨਾ ਨੂੰ ਪੂੰਜੀਵਾਦੀ ਉਤਪਾਦਨ ਵਿਧੀ ਤੋਂ ਇਸ ਕਰਕੇ ਹੀ ਆਜ਼ਾਦ ਰੱਖ ਸਕਿਆ ਹੈ ਕਿਉਂਕਿ ਉਸ ਦੀ ਸੋਚ ਦਾ ਆਧਾਰ ਉਸ ਦੀ ਯਥਾਰਥਕ ਦ੍ਰਿਸ਼ਟੀ ਹੈ, ਜਿਸ ਦੀ ਮੂਲ ਪਛਾਣ ਉਸ ਦੀ ਸ਼ਰੇਣੀ ਸੂਝ ਵਿੱਚ ਨਿਹਤ ਹੈ। ਸੰਧੂ ਦੀ ਇਸ ਚੇਤਨਾ ਦੀ ਪਿੱਠਭੂਮੀ ਵਿੱਚ ਸਹਿਜ ਗਿਆਨ ਅਤੇ ਵਿਦਿਅਕ ਗਿਆਨ ਦੋਵੇਂ ਹੀ ਸ਼ਾਮਿਲ ਹਨ। ਸਮਾਜ ਦਾ ਖੇਤੀਕਾਰ ਵਰਗ ਸਿਰਜਣਾਤਮਕ ਸ਼ਕਤੀ ਦਾ ਮਾਲਕ ਹੁੰਦਾ ਹੈ ਇਸ ਲਈ ਸਿਰਜਣਾ ਦਾ ਨਸ਼ਾ ਮਨੋਵਿਗਿਆਨਕ ਤੌਰ ਤੇ ਉਸ ਵਿੱਚ ਸਵੈਮਾਨ ਅਤੇ ਦਾਤਾ ਬਿਰਤੀ ਦਾ ਅਹਿਸਾਸ ਪੈਦਾ ਕਰਦਾ ਹੈ ਅਰਥਾਤ ਖੇਤੀਕਾਰ ਵਰਗ ਖੁਦ ਸਿਰਜਤ ਵਸਤੂ ਦਾ ਉਪਯੋਗ ਕਰ ਸਕਣ ਤੋਂ ਅਸਮਰੱਥ ਹੋ ਜਾਂਦਾ ਹੈ ਤਾਂ ਵਸਤੂ ਦੀ ਬੇਕਦਰੀ ਤੇ ਲੁੱਟ ਦਾ ਅਹਿਸਾਸ ਉਸ ਵਿੱਚ ਕਿਸੇ ਵੀ ਸ਼ਕਤੀ ਲਈ ਟਕਰਾ ਜਾਣ ਦਾ ਰੋਹ ਪੈਦਾ ਕਰਦਾ ਹੈ।

ਸਿੱਖ ਵਿਰਸੇ ਦੀ ਜੁਝਾਰੂ ਪਰੰਪਰਾ ਦੇ ਅਸਰ ਅਧੀਨ ਸੰਧੂ ਦੀ ਮਾਨਸਿਕਤਾ ਉਸਰੀ ਹੈ। ਜਨਮ ਅਤੇ ਵਸੇਬੇ ਦੇ ਤੌਰ ਤੇ ਸੰਧੂ ਦਾ ਜਿਸ ਇਲਾਕੇ ਨਾਲ ਸੰਬੰਧ ਹੈ ਉਹ ਸਿੱਖ ਸ਼ਹੀਦਾ ਦੇ ਸਾਕਿਆਂ ਨਾਲ ਭਰਪੂਰ ਹੈ। ਵਰਿਆਮ ਸੰਧੂ ਦਾ ਅਧਿਆਪਕੀ ਕਿੱਤੇ ਨਾਲ ਮੂਲ ਸੰਬੰਧ ਰਿਹਾ ਹੈ। ਪੇਂਡੂ ਪੱਧਰ ਤੇ ਬਹੁਤੇ ਅਧਿਆਪਕ ਸ਼ੋਸ਼ਿਤ ਵਰਗਾਂ ਵਿੱਚੋਂ ਆਉਂਦੇ ਹਨ। ਆਪਣੀਆਂ ਅਕਾਦਮਕ ਸਮੱਸਿਆਵਾਂ ਦੇ ਹੱਲ ਲਈ ਉਹ ਟਰੇਡ ਯੂਨੀਅਨ ਦੇ ਰੂਪ ਵਿੱਚ ਆਪਣੇ ਲਈ ਆਵਾਜ਼ ਉਠਾਉਂਦੇ ਹਨ ਇਸ ਤਰ੍ਹਾਂ ਉਹਨਾਂ ਵਿੱਚ ਸੰਘਰਸ਼ ਸ਼ਕਤੀ ਦਾ ਬੀਜ ਫੁੱਟਦਾ ਹੈ। ਇਹ ਸਮੂਹ ਤੱਤ ਸੰਧੂ ਦੀ ਅਗਾਂਹਵਧੂ ਚੇਤਨਾ ਨੂੰ ਉਸਾਰਨ ਲਈ ਸਹਿਜ ਭਾਂਤ ਹੀ ਕਾਰਜਸ਼ੀਲ ਰਹੇ ਹਨ। ਵਰਿਆਮ ਸੰਧੂ ਆਪਣੇ ਸਹਿਜ ਗਿਆਨ ਤੋਂ ਵਿਦਿਅਕ ਗਿਆਨ ਦੇ ਪੂਰਕ ਵਜੋਂ ਸਹਾਇਤਾ ਲੈ ਲੈਂਦਾ ਹੈ। ਉਨ੍ਹਾਂ ਸ਼ੋਸ਼ਿਤ ਵਰਗਾਂ ਜਿਨ੍ਹਾਂ ਦੀ ਉਹ ਪ੍ਰਤੀਨਿਧਤਾ ਕਰਦਾ ਹੈ, ਦੀ ਵਾਸਤਵਿਕ ਅਵਸਥਾ ਨੂੰ ਪਛਾਨਣ, ਸਥਾਪਿਤ ਪ੍ਰਬੰਧ ਤੋਂ ਮੁਕਤੀ ਲਈ ਦਾਅ ਪੇਚਾਂ ਦੀ ਸੋਝੀ ਕਰਵਾਉਣ ਅਤੇ ਲੋਕ ਪੱਖੀ ਸਮਾਜ ਪ੍ਰਬੰਧ ਦੇ ਨਿਰਮਾਣ ਲਈ ਨੀਂਹ ਪੱਕੀ ਕਰਨ ਵਾਸਤੇ ਸੰਧੂ ਸਾਹਿਤ ਸਿਰਜਦਾ ਹੈ। ਡੂੰਘੇ ਜੀਵਨ ਅਨੁਭਵ ਅਤੇ ਮਾਨਵ ਪੱਖੀ ਵਿਦਿਅਕ ਗਿਆਨ ਦੀ ਇਕਸੁਰਤਾ ਕਾਰਣ ਹੀ ਪ੍ਰਗਤੀਵਾਦੀ ਦ੍ਰਿਸ਼ਟੀ ਦਾ ਮੁਹਾਂਦਰਾ ਵਧੇਰੇ ਨਿਖਰਿਆ। ਵਰਿਆਮ ਸੰਧੂ ਦੀ ਕਰਾਂਤੀਕਾਰੀ ਮਾਨਸਿਕਤਾ ਦੀ ਉਸਾਰੀ ਵਿੱਚ ਸਭ ਤੋਂ ਵੱਧ ਭੂਮਿਕਾ ਨਕਸਲਬਾੜੀ ਵਿਚਾਰਧਾਰਾ ਅਤੇ ਉਸ ਤੋਂ ਦਿਸ਼ਾ ਗ੍ਰਹਿਣ ਕਰਕੇ ਰਚੇ ਗਏ ਸਾਹਿਤ ਨੇ ਨਿਭਾਈ।

ਵਰਿਆਮ ਸਿੰਘ ਸੰਧੂ ਮਾਰਕਸੀ ਵਿਚਾਰਧਾਰਾ ਦਾ ਲੇਖਕ ਹੋਣ ਦੇ ਨਾਤੇ ਇਨ੍ਹਾਂ ਧਾਰਨਾਵਾਂ ਵਿਚੋਂ ਬਹੁਤੀਆਂ ਨਾਲ ਸੁਚੇਤ ਪੱਧਰ ਤੇ ਆਪਣੀ ਪ੍ਰਤੀਬੱਧਤਾ ਦਾ ਪ੍ਰਗਟਾਵਾ ਕਰਦਾ ਹੈ। ਆਪਣੇ ਰਚਨਾ ਵਸਤੂ ਅਤੇ ਰਚਨਾ ਪ੍ਰਯੋਜਨ ਬਾਰੇ ਦਿੱਤੇ ਸੰਧੂ ਦੇ ਵਿਚਾਰਾਂ ਤੋਂ ਵੀ ਇਸ ਮੱਤ ਦੀ ਪੁਸ਼ਟੀ ਹੋ ਜਾਂਦੀ ਹੈ ਕਿ ਸਾਡੇ ਸਮਾਜ ਵਿੱਚ ਜਿਹੜੇ ਦੁੱਖ, ਤਕਲੀਫ਼, ਨਿਰਾਸ਼ਾ ਪੈਦਾ ਹੁੰਦੇ ਹਨ ਇਹ ਸਾਡੇ ਜੀਵਨ ਦਾ ਕਠੋਰ ਸੱਚ ਹੈ ਪਰ ਪੂਰਨ ਸੱਚ ਨਹੀਂ ਕਿਉਂਕਿ ਹਕੀਕਤ ਵਿੱਚ ਸਭ ਪਾਸਿਆਂ ਤੋਂ ਵਿਜੋਗੇ ਜਾਣ ਪਿੱਛੋਂ ਵੀ ਮਨੁੱਖ ਯਤਨ ਨਹੀਂ ਛੱਡਦਾ ਹੈ। ਵਰਿਆਮ ਸੰਧੂ ਦੀਆਂ ਰਚਨਾਵਾਂ ਵਿੱਚ ਕੁਝ ਪਾਤਰ ਆਤਮਘਾਤ ਬਾਰੇ ਸੋਚਦੇ ਤਾਂ ਭਾਵੇਂ ਹਨ ਪਰ ਕਰਦੇ ਨਹੀਂ। ਉਨ੍ਹਾਂ ਲਈ ਸਭ ਕੁਝ ਗੁਆ ਕੇ ਵੀ ਭੌਤਿਕ ਜੀਵਨ ਨਿਕਾਰਣਯੋਗ ਨਹੀਂ। ਕੁਝ ਚੰਗਾ ਵਾਪਰਨ ਦੇ ਭਰੋਸੇ ਨਾਲ ਯਤਨਸ਼ੀਲ ਰਹਿਣਾ ਹੀ ਆਸ਼ਾਵਾਦੀ ਦ੍ਰਿਸ਼ਟੀ ਹੈ। ਸੰਧੂ ਦੀ ਅੱਚਵੀ ਅਤੇ ਕੁਝ ਹੋਣਾ ਚਾਹੀਦਾ ਦੀ ਪ੍ਰਬਲ ਤਾਂਘ ਤੇ ਅਵਸਥਾ ਨੂੰ ਮੁੜ ਕਾਰਜਸ਼ੀਲਤਾ ਨਾਲ ਜੋੜਦੀ ਹੈ। ਵਰਤਮਾਨ ਸਥਿਤੀ ਦੇ ਪ੍ਰਸੰਗ ਵਿੱਚ ਸਾਹਿਤਕਾਰ ਦੇ ਤੌਰ ਤੇ ਆਪਣੀ ਜ਼ਿੰਮੇਵਾਰੀ ਨੂੰ ਨਿਭਾਉਂਦਾ ਹੋਇਆ ਸੰਧੂ ਸਦੀਆਂ ਤੋਂ ਅਬੋਲ ਵਰਗਾਂ ਨੂੰ ਸ਼ਬਦ ਅਤੇ ਆਵਾਜ਼ ਪ੍ਰਦਾਨ ਕਰਨ ਦੇ ਕਾਰਜ ਵਿੱਚ ਰੁੱਝ ਜਾਂਦਾ ਹੈ:-

" ਮੈਂ ਜਿਨ੍ਹਾਂ ਵਿਚਕਾਰ ਰਹਿੰਦਾ ਹਾਂ ਉਹਨਾਂ ਬਾਰੇ ਹੀ ਲਿਖਦਾ ਹਾਂ, ਕਿਉਂਕਿ ਤੁਸੀ ਜਿਨ੍ਹਾਂ ਵਿੱਚ ਹੁੰਦੇ ਹੋ ਉਨ੍ਹਾਂ ਬਾਰੇ ਵਧੇਰੇ ਡੂੰਘਾਈ ਨਾਲ ਸਮਝ ਲਿਖ ਸਕਦੇ ਹਾਂ। ਇੰਜ ਤੁਹਾਡੀ ਲਿਖਤ ਸਤਹੀ

ਨਹੀਂ ਹੋਵੇਗੀ। ਜ਼ਿੰਦਗੀ ਦੇ ਜਲਿਟ ਸੂਤਰਾਂ ਵਿੱਚ ਉਲਝੇ ਸੱਚ ਨੂੰ ਤੁਸੀ ਬੜੇ ਸਹਿਜ ਢੰਗ ਨਾਲ ਪੇਸ਼ ਕਰਨ ਦੇ ਸਮਰੱਥ ਹੋਵੋਂਗੇ। ਪਰ ਜ਼ਿੰਦਗੀ ਦੀ ਹੂ-ਬ- ਹੂ ਪੇਸ਼ਕਾਰੀ ਨੂੰ ਮੈਂ ਸਾਹਿਤਕਾਰ ਦੀ ਕਮਜ਼ੋਰੀ ਮੰਨਦਾ ਹਾਂ"।[7]

ਵਰਿਆਮ ਸੰਧੂ ਦਲਿਤ ਵਰਗਾਂ ਨੂੰ ਚੇਤਨਾ ਵੱਲ ਪ੍ਰੇਰਤ ਕਰਨ ਅਤੇ ਇਸ ਅਮਲ ਵਿੱਚ ਤੇਜ਼ੀ ਲਿਆਉਣ ਲਈ ਆਪਣੀ ਰਚਨਾ ਨੂੰ ਸਾਹਿਤ ਪ੍ਰਚਾਰ ਵਜੋਂ ਵਰਤਦਾ ਹੈ। ਆਪਣੀ ਰਚਨਾ ਦੇ ਉਦੇਸ਼ ਅਤੇ ਪ੍ਰਭਾਵ ਪ੍ਰਤੀ ਚੇਤੰਨ ਉਹ ਸਮਾਜਵਾਦੀ ਯਥਾਰਥਵਾਦ ਦੇ ਦ੍ਰਿਸ਼ਟੀਕੋਣ ਤੋਂ ਵਸਤੂ ਸੰਦਰਭ ਦੀ ਚੋਣ ਕਰਦਾ ਹੈ। ਸਥਾਨਕ ਸਮਾਜ ਦੇ ਵਜੂਦ ਦੀ ਸਥਿਤੀ ਦਾ ਵਿਵਰਣ ਦਿੰਦਾ ਹੋਇਆ ਵੀ ਉਹ ਗਤੀਸ਼ੀਲ ਹਾਂ ਪੱਖੀ ਤੱਤਾਂ ਦੀ ਪਛਾਣ ਕਰਾਂਤੀਕਾਰੀ ਦ੍ਰਿਸ਼ਟੀ ਤੋਂ ਕਰਵਾਉਣ ਦਾ ਯਤਨ ਕਰਦਾ ਹੈ। ਉਹ ਸ਼੍ਰੇਣੀ ਸਮਾਜ ਦੇ ਅੰਤਰ ਵਿਰੋਧਾਤਮਕ ਸੰਬੰਧਾਂ ਵਿੱਚ ਪੈਦਾ ਹੋ ਰਹੀਆਂ ਸ਼ਕਤੀਆਂ ਦਾ ਬੋਧ ਕਰਵਾਉਦਾ ਹੈ। ਭਾਰਤ ਵਰਗੇ ਦੇਸ਼ ਵਿੱਚ ਜਿੱਥੇ ਆਰਥਿਕ ਸਾਂਝ ਵਾਲੇ ਵਰਗ ਵੀ ਜਾਤੀਗਤ ਅਤੇ ਧਾਰਮਿਕ ਸੀਮਾਵਾਂ ਵਿੱਚ ਜਕੜੇ ਹੋਣ ਕਾਰਣ ਸਮੂਹਿਕ ਸੰਘਰਸ਼ ਵੱਲ ਰੁਚਿਤ ਨਹੀਂ ਹੁੰਦੇ ਉੱਥੇ ਸਮੱਸਿਆ ਹੋਰ ਵੀ ਉਲਝਣ ਭਰੀ ਹੋ ਜਾਂਦੀ ਹੈ। ਜਮਾਤੀ ਦੁਸ਼ਮਣ ਦੀ ਸਹੀ ਪਛਾਣ ਲਈ ਲੋਕ ਮਨ ਦੀਆਂ ਅਨੇਕਾਂ ਪਰਤਾਂ ਉੱਥਲ ਕੇ ਉਸਨੂੰ ਮੁਕਤ ਕਰਨਾ ਹੈ। ਇਸ ਨਾਲ ਲੋਕ ਮਨ ਵਿੱਚ ਨਿਸਚਿਤ ਸੇਧ ਵੱਲ ਤੁਰਨ ਦੀ ਬੁਨਿਆਦ ਰੱਖੀ ਜਾਂਦੀ ਹੈ ਜਿਸ ਨੂੰ ਕਰਾਂਤੀਕਾਰੀ ਪਾਰਟੀਆਂ ਜਮਾਤੀ ਸੰਗਠਨ ਦਾ ਰੂਪ ਦੇ ਦਿੰਦੀਆਂ ਹਨ। ਸੰਧੂ ਦਾ ਮੰਤਵ ਲੋਕ ਮਨ ਵਿੱਚ ਉਕਤ ਭਾਂਤ ਦੀ ਤਬਦੀਲੀ ਲਿਆਉਣਾ ਹੈ:-

" ਜ਼ਰੂਰੀ ਹੈ ਟੁੱਟਦੀ, ਭੱਜਦੀ, ਉੱਠਦੀ, ਬਹਿੰਦੀ, ਕਰਦੀ, ਮਰਦੀ,ਲੜਦੀ, ਜ਼ਿੰਦਗੀ ਨੂੰ ਦਿਖਾਇਆ ਜਾਵੇ ਤਾਂ ਕਿ ਪਾਠਕ ਚੋਣ ਕਰ ਸਕਣ, ਉਸ ਨੇ ਕਿਹੜੇ ਪਾਸੇ ਖਲੋਣਾ ਹੈ। ਫਾਹੀਆਂ ਲਾਉਣ ਵਾਲੇ ਜਾਂ ਫਾਹੀਆਂ ਢਾਉਣ ਵਾਲੇ ਪਾਸੇ"।

ਸਾਹਿਤ ਦੀ ਸਾਹਿਤਕਤਾ ਅਤੇ ਖੁਦਮੁਖਤਾਰੀ ਦੇ ਲੱਛਣਾਂ ਨੂੰ ਭੰਗ ਕੀਤੇ ਬਿਨਾਂ ਸੰਧੂ ਵਿਚਾਰਧਾਰਕ ਪ੍ਰਤੀਬੱਧਤਾ ਨਿਭਾਉਦਾ ਹੈ। ਲੇਖਕ ਦ ਜੀਵਨ ਪ੍ਰਤੀ ਹੁੰਗਾਰੇ ਦੇ ਸਰੂਪ ਵਿੱਚੋਂ ਉਸਦਾ ਦ੍ਰਿਸ਼ਟੀਕੋਣ ਪ੍ਰਗਟ ਹੋ ਜਾਂਦਾ ਹੈ। ਅਜੋਕੇ ਵਿਗਿਆਨਕ ਯੁੱਗ ਵਿੱਚ ਮਾਰਕਸਵਾਦ ਦਾ ਅਨੁਸਾਰੀ ਵਰਿਆਮ ਸਿੰਘ ਸੰਧੂ ਪ੍ਰਗਤੀਵਾਦੀ ਵਿਚਾਰਧਾਰਾ ਅਨੁਸਾਰ ਅਨੁਭਵ, ਸਿਧਾਂਤ ਅਤੇ ਅਮਲ ਦੇ ਰਚਨਾਤਮਕ ਸੁਮੇਲ ਦੁਆਰਾ ਸਿਰਜੇ ਸਾਹਿਤ ਰਾਹੀਂ ਜੀਵਨ ਸੱਚ ਦੀ ਖੋਜ ਕਰਨ ਲਈ ਯਤਨਸ਼ੀਲ ਲੇਖਕ ਹੈ।

ਕਿਸੇ ਵੀ ਰਚਨਾਕਾਰ ਦੀ ਵਿਲੱਖਣਤਾ ਦਾ ਆਧਾਰ ਉਸਦੀ ਰਚਨਾ ਦ੍ਰਿਸ਼ਟੀ ਬਣਦੀ ਹੈ। ਵਰਿਆਮ ਸਿੰਘ ਸੰਧੂ ਆਪਣੇ ਸਮਕਾਲੀ, ਪੂਰਵਕਾਲੀ, ਕਹਾਣੀਕਾਰਾਂ ਤੋਂ ਕਿਵੇਂ ਵਿਲੱਖਣ ਹੈ, ਇਹ ਜਾਣਨ ਵਾਸਤੇ ਸਾਨੂੰ ਉਸਦੀ ਰਚਨਾ-ਦ੍ਰਿਸ਼ਟੀ ਨੂੰ ਦੂਜੇ ਕਹਾਣੀਕਾਰਾਂ ਦੇ ਨਾਲ ਤੁਲਨਾਤਮਕ ਦ੍ਰਿਸ਼ਟੀ ਤੋਂ ਵੇਖਣਾ ਪਵੇਗਾ। ਵਰਿਆਮ ਸਿੰਘ ਸੰਧੂ ਦੇ ਪੰਜਾਬੀ ਕਹਾਣੀ ਵਿੱਚ ਪ੍ਰਵੇਸ਼ ਕਰਨ ਤੋਂ ਪਹਿਲਾਂ ਪੰਜਾਬੀ ਕਹਾਣੀਕਾਰਾਂ ਦੀਆਂ ਦੋ ਪੀੜ੍ਹੀਆਂ ਇਸ ਖੇਤਰ ਵਿੱਚ ਆਪਣਾ

ਯੋਗਦਾਨ ਪਾ ਚੁੱਕੀਆਂ ਸਨ ਤੇ ਪੰਜਾਬੀ ਕਹਾਣੀ ਆਪਣੇ ਵਿਕਾਸ ਦੇ ਮੁੱਢਲੇ ਪੜਾਅ ਦੀ ਅਵਸਥਾ ਵਿੱਚ ਪਹੁੰਚ ਚੁੱਕੀ ਸੀ। ਮੌਲਿਕ ਕਹਾਣੀ ਲਿਖਣ ਵਾਲੇ ਪੰਜਾਬੀ ਕਹਾਣੀਕਾਰਾਂ ਦਾ ਇਕ ਵਰਗ ਵੀਹਵੀਂ ਸਦੀ ਦੇ ਦੂਜੇ ਤੇ ਤੀਜੇ ਦਹਾਕਿਆਂ ਵਿੱਚ ਉਭਰਿਆ। ਇਸ ਵਰਗ ਵਿੱਚ ਚਰਨ ਸਿੰਘ ਸ਼ਹੀਦ , ਲਾਲ ਸਿੰਘ ਕਮਲਾ ਅਕਾਲੀ, ਬਲਵੰਤ ਸਿੰਘ ਚਤਰਥ, ਸੋਹਨ ਸਿੰਘ ਜੋਸ਼, ਹੀਰਾ ਸਿੰਘ ਦਰਦ, ਨਾਨਕ ਸਿੰਘ, ਗੁਰਮੁਖ ਸਿੰਘ ਪ੍ਰੀਤਲੜੀ ਦੇ ਨਾਂ ਸ਼ਾਮਿਲ ਹਨ। ਰਚਨਾ ਦ੍ਰਿਸ਼ਟੀ ਦੇ ਪੱਖੋਂ ਇਹ ਕਹਾਣੀਕਾਰ ਆਦਰਸ਼ਵਾਦੀ ਯਥਾਰਥਵਾਦ ਦੇ ਧਾਰਨੀ ਸਨ ਪਰ ਇਨ੍ਹਾਂ ਦੀ ਵਿਲੱਖਣਤਾ ਇਹ ਸੀ ਕਿ ਇਨ੍ਹਾਂ ਨੇ ਪੰਜਾਬੀ ਚੇਤਨਾ ਨੂੰ ਮੱਧਕਾਲੀ ਅਧਿਆਤਮਕ ਤੋਂ ਮੁਕਤ ਕਰਾਉਣ ਦੇ ਸਫ਼ਲ ਉਪਰਾਲ ਕੀਤੇ। ਪੰਜਾਬੀ ਕਹਾਣੀ ਦਾ ਆਰੰਭ ਯਥਾਰਥਵਾਦੀ ਨੀਹਾਂ ਉੱਤੇ ਹੋਇਆ ਪੱਛਮੀ ਕਹਾਣੀ ਤਕਨੀਕ ਤੋਂ ਪ੍ਰਭਾਵਿਤ ਹੋਣ ਕਰਕੇ ਮੁੱਢ ਤੋਂ ਹੀ ਇਸ ਵਿੱਚ ਨਿੱਕੀ ਕਹਾਣੀ ਦੇ ਅਨੁਕੂਲ ਲੱਛਣ ਦਿਖਾਈ ਦੇਣ ਲਗਦੇ ਹਨ। ਚੌਥੇ ਦਹਾਕੇ ਦੇ ਅੰਤ ਅਤੇ ਪੰਜਵੇਂ ਦਹਾਕੇ ਦੇ ਆਰੰਭ ਵਿੱਚ ਸੰਤ ਸਿੰਘ ਸੇਖੋਂ, ਮੋਹਨ ਸਿੰਘ, ਕਰਤਾਰ ਸਿੰਘ ਦੁੱਗਲ ਅਤੇ ਸੁਜਾਨ ਸਿੰਘ ਆਦਿ ਕਹਾਣੀਕਾਰਾਂ ਦੇ ਪ੍ਰਵੇਸ਼ ਨਾਲ ਪੰਜਾਬੀ ਕਹਾਣੀ ਵਿੱਚ ਇਕ ਗੁਣਨਾਤਮਕ ਤਬਦੀਲੀ ਵਾਪਰਦੀ ਹੈ। ਇਨ੍ਹਾਂ ਕਹਾਣੀਕਾਰਾਂ ਦੇ ਆਉਣ ਪੰਜਾਬੀ ਕਹਾਣੀ ਆਦਰਸ਼ਵਾਦ ਤੋਂ ਮੁਕਤ ਹੋ ਕੇ ਮਨੋਵਿਗਿਆਨਕ ਤੇ ਪ੍ਰਗਤੀਵਾਦੀ ਯਥਾਰਥਵਾਦ ਦੇ ਸਿਧਾਂਤ ਗ੍ਰਹਿਣ ਕਰਨ ਲਗਦੀ ਹੈ ਅਤੇ ਪੇਸ਼ਕਾਰੀ ਦੇ ਨਵੇਂ ਢੰਗ ਤਲਾਸ਼ਦੀ ਹੈ।

ਪੰਜਾਬੀ ਕਹਾਣੀ ਦੇ ਖੇਤਰ ਵਿੱਚ ਪੰਜਵੇਂ ਦਹਾਕੇ ਵਿੱਚ ਕੁਲਵੰਤ ਸਿੰਘ ਵਿਰਕ, ਸੰਤ ਸਿੰਘ ਸੇਖੋਂ, ਸੁਜਾਨ ਸਿੰਘ, ਕਰਤਾਰ ਸਿੰਘ ਦੁੱਗਲ, ਤੇ ਮੋਹਨ ਸਿੰਘ ਨਾਲ ਤੁਰੀ 'ਸਾਧਾਰਨ ਮਨੁੱਖ ਦੀ ਸਾਧਾਰਣਤਾ' ਪੇਸ਼ ਕਰਨ ਵਾਲੀ ਧਾਰਨਾਂ ਨੂੰ ਸਿਖਰ ਉੱਤੇ ਪਹੁੰਚਾਇਆ। ਕੁਲਵੰਤ ਸਿੰਘ ਵਿਰਕ ਦੀਆਂ ਬਹੁਤੀਆਂ ਕਹਾਣੀਆ ਦੀ ਨਿਰੋਲ ਯਥਾਰਥਵਾਦੀ ਦ੍ਰਿਸ਼ਟੀ ਨੂੰ ਪੰਜਾਬੀ ਦੇ ਕਹਾਣੀ ਆਲੋਚਕਾਂ ਨੇ ਮਾਨਵਵਾਦੀ ਰਚਨਾ ਦ੍ਰਿਸ਼ਟੀ ਵੀ ਕਿਹਾ ਹੈ। ਵਿਰਕ ਨਾਲ ਪੰਜਾਬੀ ਕਹਾਣੀ ਦੀ ਤਕਨੀਕ ਵਿੱਚ ਨਵੇਂ ਪਰਿਵਰਤਨ ਆਉਂਦੇ ਹਨ। ਉਸ ਦੀ ਕਹਾਣੀ ਤਕਨੀਕ ਨੂੰ ਲਕੀਰੀ ਬਿਰਤਾਂਤ ਦਾ ਨਾਂ ਦਿੱਤਾ ਜਾ ਸਕਦਾ ਹੈ। ਉਹ ਬੜੇ ਸਹਿਜ ਨਾਲ ਲਕੀਰ ਦੇ ਇਕ ਸਿਰੇ ਤੋਂ ਗੱਲ ਸ਼ੁਰੂ ਕਰਦਾ ਹੈ ਅਤੇ ਮੱਧਮ ਚਾਲ ਅੱਗੇ ਵੱਧਦਾ ਜਾਂਦਾ ਹੈ ਅੰਤ ਉਹ ਹਲਕੀ ਨਾਟਕੀ ਛੋਹ ਨਾਲ ਅਜਿਹਾ ਮੌਕਾ ਸਿਰਜਦਾ ਹੈ ਕਿ ਸਮੁੱਚੇ ਬਿਰਤਾਂਤਕ ਵੇਰਵਿਆਂ ਨੂੰ ਅਰਥ ਪ੍ਰਾਪਤ ਹੋ ਜਾਂਦੇ ਹਨ। ਵਰਿਆਮ ਸਿੰਘ ਸੰਧੂ ਦੀ ਕਹਾਣੀ ਨੂੰ ਜਦੋਂ ਉਸ ਦੇ ਸਮਕਾਲੀ ਕਹਾਣੀਕਾਰਾਂ ਦੀ ਰਚਨਾ ਦ੍ਰਿਸ਼ਟੀ ਦੇ ਪ੍ਰਸੰਗ ਵਿੱਚ ਦੇਖਦੇ ਹਾਂ ਤਾਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਉਸ ਨਾਲ ਪੰਜਾਬੀ ਕਹਾਣੀ ਦੇ ਇਤਿਹਾਸ ਵਿੱਚ ਇਕ ਨਵਾਂ ਪਰਿਵਰਤਨ ਸ਼ੁਰੂ ਹੁੰਦਾ ਹੈ।

ਸੱਤਵੇਂ ਦਹਾਕੇ ਦੇ ਅੰਤ ਵਿਚ ਪੰਜਾਬੀ ਕਹਾਣੀਕਾਰਾਂ ਦੀ ਤੀਜੀ ਪੀੜ੍ਹੀ ਨੇ ਸਥਾਪਿਤ ਹੋਣਾ ਸ਼ੁਰੂ ਕੀਤਾ। ਇਸ ਪੀੜ੍ਹੀ ਵਿਚ ਵਰਿਆਮ ਸਿੰਘ ਸੰਧੂ, ਗੁਰਬਚਨ ਭੁੱਲਰ, ਮੋਹਨ ਭੰਡਾਰੀ, ਗੁਰਪਾਲ ਲਿੱਟ, ਪ੍ਰੇਮ ਪ੍ਰਕਾਸ਼, ਕਿਰਪਾਲ ਕਜ਼ਾਕ, ਬਲਦੇਵ ਸਿੰਘ, ਸੁਖਵੰਤ ਕੌਰ ਮਾਨ, ਰਜਿੰਦਰ ਕੌਰ ਅਤੇ ਬਚਿੰਤ ਕੌਰ ਆਦਿ ਕਹਾਣੀਕਾਰਾ ਦੇ ਨਾਂ ਸ਼ਾਮਿਲ

ਹਨ। ਇਨ੍ਹਾਂ ਵਿਚ ਪ੍ਰੇਮ ਪ੍ਰਕਾਸ਼ ਤੇ ਵਰਿਆਮ ਸੰਧੂ ਮੁੱਖ ਹਨ ਜਿਨ੍ਹਾਂ ਦੀ ਕਹਾਣੀ ਰਚਨਾ ਵਸਤੂ ਸੰਗਠਨ ਤੇ ਦ੍ਰਿਸ਼ਟੀ ਪੱਖੋਂ ਇਕ ਨਵਾਂ ਮਾਡਲ ਉਸਾਰਦੀ ਹੈ। ਵਰਿਆਮ ਸਿੰਘ ਸੰਧੂ ਆਪਣੇ ਸਮਕਾਲੀ ਕਹਾਣੀਕਾਰਾਂ ਵਰਗਾ ਵੀ ਹੈ ਅਤੇ ਮੌਲਿਕ ਤੇ ਵਿਲੱਖਣ ਵੀ ਹੈ। ਪਹਿਲੀ ਪੀੜ੍ਹੀ ਦੇ ਕਹਾਣੀਕਾਰਾਂ ਵਾਂਗ ਸੰਧੂ ਦੀਆਂ ਕਹਾਣੀਆਂ ਦੀ ਬੁਨਿਆਦ ਵੀ ਯਥਾਰਥਵਾਦੀ ਹੈ।

ਉਸਦੀ ਕਹਾਣੀ ਵਿਚ ਵੀ ਵਿਸਥਾਰ ਹੈ ਪਰ ਮੁੱਢਲੇ ਦੌਰ ਦੀ ਕਹਾਣੀ ਵਾਂਗ ਉਘੜਾ-ਦੁਘੜਾ ਵਿਸਥਾਰ ਨਹੀਂ ਬਲਕਿ ਸੰਗਠਿਤ ਕਿਸਮ ਦਾ ਵਿਸਥਾਰ ਹੈ ਜੋ ਕਿਤੇ ਵੀ ਵਾਧੂ ਨਹੀਂ ਜਾਪਦਾ ਹੈ। ਵਰਿਆਮ ਸੰਧੂ ਦੀਆਂ ਕਹਾਣੀਆਂ ਵਿਚ ਯਥਾਰਥਵਾਦ ਦੇ ਵਿਭਿੰਨ ਪਾਸਾਰ, ਮਨੋਯਥਾਰਥਵਾਦ, ਪ੍ਰਗਤੀਵਾਦੀ ਯਥਾਰਥਵਾਦ ਮਿਲ ਜਾਂਦੇ ਹਨ ਪਰ ਉਹ ਇਨ੍ਹਾਂ ਦੇ ਪ੍ਰਭਾਵ ਤੋਂ ਮੁਕਤ ਹੈ। ਸੰਧੂ ਦੇ ਮੁੱਢਲੇ ਕਹਾਣੀ ਸੰਗ੍ਰਹਿ ‘ਲੋਹੇ ਦੇ ਹੱਥ’ ਵਿਚਲੀਆਂ ਕਹਾਣੀਆਂ ਵਿਚ ਕੁਝ ’ਚ ਭਾਵੇਂ ਪ੍ਰਗਤੀਵਾਦੀ ਬਿਰਤੀ ਵੇਖੀ ਜਾਂ ਸਕਦੀ ਹੈ ਪਰ ਉਹ ਛੇਤੀ ਹੀ ਇਸ ਦੇ ਪ੍ਰਭਾਵ ਤੋਂ ਮੁਕਤ ਹੋ ਗਿਆ। ਵਰਿਆਮ ਸੰਧੂ ਦੀ ਕਹਾਣੀ ਵਿਚ ਸੰਤ ਸਿੰਘ ਸੇਖੋਂ ਵਾਂਗ ਬੌਧਿਕ ਅੰਸ਼ ਸ਼ਾਮਿਲ ਹੁੰਦਾ ਹੈ ਸੇਖੋਂ ਲੇਖਕ ਕਥਨਾਂ ਰਾਹੀਂ ਪਾਠਕ ਨੂੰ ਸੰਬੋਧਨ ਹੋਣ ਲੱਗ ਜਾਂਦਾ ਹੈ ਜਦ ਕਿ ਸੰਧੂ ਦੀ ਕਹਾਣੀ ਦਾ ਬੌਧਿਕ ਅੰਸ਼ ਉਸ ਦੇ ਰਚਨਾ ਵੇਰਵਿਆਂ ਵਿਚ ਸ਼ਾਮਿਲ ਹੁੰਦਾ ਹੈ। ਸੰਤ ਸਿੰਘ ਸੇਖੋਂ ਤੋਂ ਪਿੱਛੋਂ ਪੰਜਾਬੀ ਦਾ ਸਭ ਤੋਂ ਸਮਰੱਥ ਕਹਾਣੀਕਾਰ ਕੁਲਵੰਤ ਸਿੰਘ ਵਿਰਕ ਹੈ। ਵਰਿਆਮ ਸੰਧੂ ਕਈ ਗੱਲਾਂ ਵਿਚ ਉਸ ਦੀ ਨਕਲ ਕਰਦਾ ਪ੍ਰਤੀਤ ਹੁੰਦਾ ਹੈ ਪਰ ਉਸ ਤੋਂ ਵਿੱਥ ਬਣਾਈ ਰੱਖਣ ਵਿਚ ਵੀ ਯਤਨਸ਼ੀਲ ਜਾਪਦਾ ਹੈ। ਵਿਰਕ ਦੀ ਕਹਾਣੀ ਦਾ ਸੁਭਾਅ ਇਸ ਪ੍ਰਕਾਰ ਹੈ:-

> “ਵਿਰਕ ਸਾਧਾਰਨ ਮਨੁੱਖ ਦੀ ਸਾਧਾਰਣਤਾ ਨੂੰ ਸਰਲ ਅਤੇ ਸਹਿਜ ਬਿਰਤਾਂਤ ਦੀ ਕਥਾ- ਜੁਗਤ ਨਾਲ ਪੇਸ਼ ਕਰਨ ਵਾਲਾ ਕਹਾਣੀਕਾਰ ਸੀ। ਉਸ ਦੀ ਮਾਨਵਵਾਦੀ ਦ੍ਰਿਸ਼ਟੀ ਅਤੇ ਕਥਾ- ਵਿਧਾਨ ਦਾ ਹੀ ਸਹੁਜ ਸਾਧਾਰਣ ਮਨੁੱਖ ਦੇ ਸਾਧਾਰਣ ਮਨੁੱਖ ਦੇ ਸਾਧਾਰਣ ਕ੍ਰਿਸ਼ਮਿਆਂ ਦੇ ਰਹੱਸ- ਉਦਘਾਟਨ ਵਿਚ ਨਿਹਿਤ ਹੈ”।

ਵਰਿਆਮ ਸਿੰਘ ਸੰਧੂ ਅਤੇ ਵਿਰਕ ਦੇ ਕਥਾ ਮਾਡਲ ਨੂੰ ਵਿਚਾਰੀਏ ਤਾਂ ਬਹੁਤ ਸਾਰੇ ਸਾਰਥਕ ਸਿੱਟੇ ਪ੍ਰਾਪਤ ਹੁੰਦੇ ਹਨ। ਉਸ ਦੇ ਪਾਤਰ ਸੰਤਾ ਸਿੰਘ ਕਹਾਣੀ ‘ਵਾਪਸੀ’ ਕੇਵਲ ‘ਭੱਜੀਆਂ ਬਾਹੀ’ ਜੋਗਿੰਦਰ ‘ਮੈਂ ਹੁਣ ਠੀਕ-ਠਾਕ ਹਾਂ’ ਵੇਖਣ ਨੂੰ ਸਾਧਾਰਣ ਪਾਤਰ ਹਨ ਪਰ ਵਿਰਕ ਦੇ ਪਾਤਰਾਂ ਵਾਂਗ ਸਹਿਜ ਨਹੀਂ ਸਗੋਂ ਥਿੜਕੀ ਮਾਨਸਿਕਤਾਂ ਵਾਲੇ ਪਾਤਰ ਹਨ। ਇਹ ਪਾਤਰ ਜ਼ਿੰਦਗੀ ਵਿਚ ਸਹਿਜ ਸੁਭਾਅ ਨਹੀਂ ਵਿਚਰਦੇ ਸਗੋਂ ਡਿੱਕੇ-ਡੋਲੇ ਖਾਂਦੇ ਫਿਰਦੇ ਦਿਖਾਈ ਦਿੰਦੇ

ਹਨ। ਉਸ ਦੇ ਪਾਤਰਾਂ ਵਿਚ ਉਹੀ ਬੇਚੈਨੀ ਪ੍ਰੱਤਖ ਨਜ਼ਰ ਆਉਂਦੀ ਹੈ ਇਸ ਤਰ੍ਹਾਂ ਸੰਧੂ ਦੇ ਪਾਤਰ ਸਾਧਾਰਨ ਹੁੰਦੇ ਹੋਏ ਵੀ ਅਸਾਧਾਰਨ ਜਾਪਦੇ ਹਨ।

ਕੁਲਵੰਤ ਸਿੰਘ ਵਿਰਕ ਦਾ ਬਿਰਤਾਂਤ ਸਹਿਜ ਗਤੀ ਵਾਲਾ ਹੁੰਦੀ ਹੈ। ਉਹ ਬੜੇ ਠਰੰਮੇ ਨਾਲ ਬਿਰਤਾਂਤ ਛੇੜਦਾ ਹੈ ਕਿਸੇ ਬਾਤ ਸੁਣਾਉਣ ਵਾਂਗ ਉਸ ਦੀਆਂ ਤੰਦਾਂ ਦੀ ਪੇਸ਼ਕਾਰੀ ਕਰਦਾ ਹੈ ਅੰਤ ਬਿਰਤਾਂਤ ਨੂੰ ਮੋੜ ਕੇ ਪਾਠਕ ਨੂੰ ਥੋੜ੍ਹਾ ਝਟਕਾ ਦਿੰਦਾ ਹੈ ਤੇ ਪਾਠਕ ਪੂਰੇ ਬਿਰਤਾਂਤ ਨੂੰ ਮੁੜ ਚਿਤਰਦਾ ਹੈ। ਸੰਧੂ ਦਾ ਬਿਰਤਾਂਤ ਨਾਟਕੀ ਰੂਪ ਵਾਲਾ ਹੁੰਦਾ ਹੈ। ਵਿਰਕ ਦੇ ਬਿਰਤਾਂਤ ਵਿਚ ਕਹਾਣੀ ਦੇ ਅੰਤ ਤੋਂ ਪਹਿਲਾਂ ਨਾਟਕੀ ਬਿਰਤਾਂਤ ਦੀ ਜੁਗਤ ਵੇਖਣ ਨੂੰ ਨਹੀਂ ਮਿਲਦੀ ਪਰ ਸੰਧੂ ਦਾ ਬਿਰਤਾਂਤ ਸ਼ੁਰੂ ਤੋਂ ਹੀ ਨਾਟਕੀ ਢੰਗ ਵਾਲਾ ਹੁੰਦਾ ਹੈ। ਵਰਿਆਮ ਸੰਧੂ ਤਾਂ ਬਹੁਤ ਵਾਰੀ ਕਹਾਣੀ ਦਾ ਸਿਖਰ ਮੁੱਢਲੇ ਵਾਕ ਵਿਚ ਹੀ ਦੇ ਦਿੰਦਾ ਹੈ ਅਤੇ ਫਿਰ ਪਿਛਲਝਾਤ ਰਾਹੀਂ ਘਟਨਾਵਾਂ ਦਾ ਵਰਣਨ ਕਰਦਾ ਜਾਂਦਾ ਹੈ। ਕਹਾਣੀ ਦੀਆਂ ਘਟਨਾਵਾਂ ਬੜੇ ਨਾਟਕੀ ਸੰਗਠਨ ਵਿਚ ਬੱਝੀਆਂ ਹੁੰਦੀਆਂ ਹਨ।

ਵਰਿਆਮ ਸਿੰਘ ਸੰਧੂ ਦੀਆਂ ਮੁੱਢਲੀਆਂ ਕਹਾਣੀਆਂ ਵੀ ਸੰਜਮੀ ਸੁਭਾਅ ਵਾਲੀਆਂ ਹੀ ਹੁੰਦੀਆਂ ਹਨ ਪਰ ਕਹਾਣੀ ਸੰਗ੍ਰਹਿ 'ਅੰਗ-ਸੰਗ' ਤੋਂ ਪਿੱਛੋਂ ਦੀਆਂ ਕਹਾਣੀਆਂ ਵਿਚ ਉਸ ਨੇ ਲੰਮੀ ਕਹਾਣੀ ਨੂੰ ਪਹਿਲ ਦੇਣੀ ਸ਼ੁਰੂ ਕਰ ਦਿੱਤੀ। ਉਸ ਦੀਆਂ ਲੰਮੀਆਂ ਕਹਾਣੀਆਂ ਵਿਚ ਵਸਤੂ ਵੇਰਵਿਆਂ ਦਾ ਵਿਸਥਾਰ ਜ਼ਰੂਰ ਹੁੰਦਾ ਹੈ ਪਰ ਇਸ ਦੇ ਬਾਵਜੂਦ ਵਿਰਕ ਵਰਗਾ ਸੰਜਮ ਉਸ ਦੀ ਕਹਾਣੀ ਦਾ ਜ਼ਰੂਰੀ ਲੱਛਣ ਹੈ। ਸੰਧੂ ਦੀਆਂ ਕਹਾਣੀਆਂ ਦਾ ਵਿਸਥਾਰ ਬੇਲੋੜਾ ਨਹੀਂ ਸਗੋਂ ਰਚਨਾ ਵਸਤੂ ਦੀਆਂ ਲੋੜਾਂ ਅਨੁਸਾਰ ਹੀ ਹੁੰਦਾ ਹੈ। ਸੰਧੂ ਨੇ ਵਿਰਕ ਵਾਂਗ ਇਕ ਗੱਲ ਹੀ ਨਹੀਂ ਦੱਸਣੀ ਹੁੰਦੀ ਸਗੋਂ ਉਸ ਦੇ ਵਿਭਿੰਨ ਪ੍ਰੇਰਕਾ ਦਾ ਬੋਧ ਕਰਾਉਣਾ ਹੁੰਦਾ ਹੈ।

ਵਰਿਆਮ ਸਿੰਘ ਸੰਧੂ ਨੇ ਵਿਰਕ ਦੀਆਂ ਕਹਾਣੀਆਂ ਉੱਤੇ ਖੋਜ ਕਾਰਜ ਵੀ ਕੀਤਾ ਹੈ ਇਸ ਲਈ ਉਸ ਨੇ ਵਿਰਕ ਦੇ ਕਹਾਣੀ ਲੱਛਣਾ ਨੂੰ ਸਿਰਫ਼ ਸਹਿਜ ਰੂਪ ਹੀ ਨਹੀਂ ਸੁਚੇਤ ਰੂਪ ਵਿਚ ਵੀ ਗ੍ਰਹਿਣ ਕੀਤਾ ਹੈ। ਰਚਨਾ ਦ੍ਰਿਸ਼ਟੀ ਦੇ ਪੱਖ ਤੋਂ ਸੰਧੂ ਦੀ ਆਪਣੇ ਪੂਰਵਕਾਲੀ ਕਹਾਣੀਕਾਰਾਂ ਨਾਲ ਪ੍ਰੱਤਖ ਵਿਲੱਖਤਾ ਦਾ ਆਭਾਸ ਹੁੰਦਾ ਹੈ। ਸੰਧੂ ਮੂਲ ਰੂਪ ਵਿਚ ਨਵ-ਪ੍ਰਗਤੀਵਾਦੀ ਕਹਾਣੀਕਾਰ ਹੈ ਪਰ ਕਟੱੜ ਰੂਪ ਚ ਨਹੀਂ ਬਲਕਿ ਉਦਾਰਵਾਦੀ ਹੈ ਇਸ ਲਈ ਉਹ ਮਾਰਕਸਵਾਦੀ ਹੋਣ ਦੇ ਬਾਵਜੂਦ ਕਮਿਊਨਿਸਟ ਪਾਰਟੀਆਂ ਦਾ ਬੁਲਾਰਾ ਨਹੀਂ ਬਣਦਾ। ਵਰਿਆਮ ਸੰਧੂ ਦੀ ਰਚਨਾ ਦ੍ਰਿਸ਼ਟੀ ਦਾ ਮੁੱਖ ਲੱਛਣ ਉਸ ਦੀ ਆਲੋਚਨਾਤਮਿਕ ਨਵ-ਯਥਾਰਥਵਾਦੀ ਚੇਤਨਾ ਹੈ। ਇਸ ਪੱਖੋਂ ਉਹ ਆਪਣੇ ਸਮਕਾਲੀ ਕਹਾਣੀਕਾਰਾਂ ਨਾਲੋਂ ਇਕ ਕਦਮ ਅੱਗੇ ਨਜ਼ਰ ਆਉਂਦਾ ਹੈ।

ਵਰਿਆਮ ਸਿੰਘ ਸੰਧੂ ਦੀ ਸਮਕਾਲੀ, ਪ੍ਰਗਤੀਵਾਦੀ ਰਚਨਾ ਦ੍ਰਿਸ਼ਟੀ ਵਾਲੀ ਕਹਾਣੀ ਉੱਤੇ ਇਹ ਆਰੋਪ ਲਗਦਾ ਰਿਹਾ ਹੈ ਕਿ ਇਸ ਵਿਚ ਪ੍ਰਚਾਰ ਦੀ ਸੁਰ ਉੱਚੀ ਹੈ ਪਰ ਸੰਧੂ ਦੀ ਨਵ-ਪ੍ਰਗਤੀਵਾਦੀ ਚੇਤਨਾ ਵਸਤੂ ਯਥਾਰਥ ਨਾਲ ਇਕ ਸੁਰ ਹੋ ਕੇ ਹੀ ਪੇਸ਼ ਹੁੰਦੀ ਹੈ। ਸੰਧੂ ਦੇ ਸਮਕਾਲੀ ਕਹਾਣੀਕਾਰਾਂ ਵਿਚ ਇਕ ਵਰਗ ਅਜਿਹਾ ਵੀ ਉਭਰਿਆ ਜਿਸ ਨੇ ਪ੍ਰਗਤੀਵਾਦ ਚੇਤਨਾ ਦੇ ਉਲਟ ਆਧੁਨਿਕ ਮਨੁੱਖ ਦੇ ਵਾਸਤਵਿਕ ਚਿਤਰਣ ਦਾ ਦਾਅਵਾ ਕੀਤਾ। ਸੰਧੂ ਦੀ ਇਨ੍ਹਾਂ ਕਹਾਣੀਕਾਰਾਂ ਨਾਲ ਸਾਂਝ ਸਿਰਫ਼ ਏਨੀ ਹੈ ਕਿ ਉਸ ਨੇ ਵੀ ਵਿਸ਼ਾਦਗ੍ਰਸਤ ਮਨੁੱਖ ਨੂੰ ਆਪਣੀ ਰਚਨਾ ਦਾ ਵਸਤੂ ਬਣਾਇਆ ਹੈ ਅਤੇ ਕਹਾਣੀ ਦੇ ਪਰੰਪਰਕ ਮਾਡਲ ਦੀ ਥਾਂ ਨਵਾਂ ਕਥਾ ਮਾਡਲ ਸਿਰਜਿਆ ਹੈ ਪਰ ਉਸ ਦੀ ਰਚਨਾ ਦ੍ਰਿਸ਼ਟੀ ਆਧੁਨਿਕ ਵਾਦੀਆਂ ਨਾਲੋਂ ਵੱਖਰੀ ਹੈ। ਉਸ ਦੀ ਕਹਾਣੀ ਦਾ ਰੂਪਾਕਾਰ ਪਰੰਪਰਕ ਲੰਮੀ ਕਹਾਣੀ ਨੂੰ ਰੱਦ ਕਰਨ ਵਾਲਾ ਨਹੀਂ ਬਲਕਿ ਉਸ ਦੀਆਂ ਨਵੀਆਂ ਸੰਭਾਵਨਾਵਾਂ ਜਗਾਉਣ ਵਾਲਾ ਹੈ। ਕਹਾਣੀਆਂ ਦੇ ਪਾਤਰ ਵਰਤਮਾਨ ਸਥਿਤੀ ਹੱਥੋਂ ਨਿਰਾਸ਼, ਪੀੜਤ, ਤੇ ਬੌਦਲਾਏ ਹੋਏ ਹਨ ਪਰ ਉਹ ਇਨ੍ਹਾਂ ਵਿਚ ਸੰਘਰਸ਼ ਮਈ ਸੰਭਾਵਨਾ ਨੂੰ ਵੀ ਵੇਖਦਾ ਹੈ ਜੋ ਇਨ੍ਹਾਂ ਨੂੰ ਵਰਤਮਾਨ ਸਮਾਜਿਕ ਪ੍ਰੰਬਧ ਦੇ ਜਾਲ ਤੋਂ ਸੁਤੰਤਰ ਕਰਵਾ ਸਕੇਗੀ।

ਵਰਿਆਮ ਸਿੰਘ ਸੰਧੂ ਪਰੰਪਰਾ ਨੂੰ ਰੱਦ ਨਹੀਂ ਕਰਦਾ ਸਗੋਂ ਉਸਾਰੂ ਵਿਚਾਰਾਂ, ਭਾਵਾਂ ਨੂੰ ਅਪਣਾਉਣ ਦੀ ਇੱਛਾ ਰਖਦਾ ਹੈ। ਦੂਜੇ ਪਾਸੇ ਉਹ ਪੂੰਜੀਵਾਦੀ ਤੇ ਸਾਮੰਤਵਾਦੀ ਪ੍ਰਬੰਧਾਂ ਦੇ ਮਨੁੱਖ ਵਿਰੋਧੀ ਚਰਿੱਤਰ ਨੂੰ ਵਿਅੰਗ ਦਾ ਨਿਸ਼ਾਨਾ ਬਣਾਉਂਦੀ ਹੈ। ਉਸ ਦੀ ਦਿਸ਼ਾ ਭਵਿੱਖ ਵੱਲ ਹੈ ਮਿਸਾਲ ਵਜੋਂ ਕਹਾਣੀ 'ਵਾਪਸੀ' ਦਾ ਸੰਤਾ ਸਿੰਘ ਘਰ ਗ੍ਰਹਿਸਥੀ ਛੱਡ ਕੇ ਆਪਣੇ ਅੰਦਰੋਂ ਦੁਨੀਆਂ ਦਾਰੀ ਭਾਵਨਾ ਮਰਨ ਨਹੀਂ ਦਿੰਦਾ ਤੇ ਅੰਤ ਘਰ ਵੱਲ ਵਾਪਸੀ ਦਾ ਇੱਛੁਕ ਹੈ।

ਵਰਿਆਮ ਸੰਧੂ ਦੀਆਂ ਕਹਾਣੀਆਂ ਦੀ ਇਹੀ ਵਿਸ਼ੇਸ਼ਤਾ ਹੈ ਕਿ ਨਿਮਨ ਵਰਗਾਂ ਲਈ ਜੀਵਨ ਚਾਹੇ ਦੁੱਖਾਂ ਨਾਲ ਭਰਿਆ ਹੋਵੇ ਫੇਰ ਵੀ ਤਿਆਗਣ ਯੋਗ ਨਹੀਂ ਸਗੋਂ ਅਪਣਾਉਣ ਯੋਗ ਹੈ। ਉਸ ਦੇ ਪਾਤਰਾਂ ਵਿਚ ਜੀਵਨ ਜਿਉਣ ਦੀ ਇੱਛਾ ਪੈਦਾ ਹੁੰਦੀ ਹੈ। ਵਰਿਆਮ ਸੰਧੂ ਦੇ ਕਥਾ ਮਾਡਲ ਨੂੰ ਉਸ ਦੇ ਉਤਰਕਾਲੀ ਕਹਾਣੀਕਾਰਾਂ ਨੇ ਵੀ ਅਪਣਾਉਣ ਦਾ ਯਤਨ ਕੀਤਾ ਹੈ। ਨਵੇਂ ਕਹਾਣੀਕਾਰਾਂ ਵਿਚੋਂ ਬਲਜਿੰਦਰ ਨਸਰਾਲੀ, ਸੁਖਜੀਤ, ਰਵਮੀਤ, ਬਲਵਿੰਦਰ ਗਰੇਵਾਲ, ਵਰਗੇ ਨੇ ਸੁਚੇਤ ਪੱਧਰ ਉੱਤੇ ਸੰਧੂ ਦੀ ਬਹੁ ਪਸਾਰੀ ਕਥਾ ਵਿਧੀ ਦਾ ਪ੍ਰਭਾਵ ਕਬੂਲ ਕੀਤਾ ਹੈ।

ਇਸ ਪ੍ਰਕਾਰ ਵਰਿਆਮ ਸਿੰਘ ਸੰਧੂ ਦੀ ਕਹਾਣੀ ਆਪਣੇ ਪੂਰਵਕਾਲੀ ਕਹਾਣੀਕਾਰਾਂ ਦੇ ਹਾਂ ਪੱਖੀ ਲੱਛਣਾਂ ਨੂੰ ਨਾਲ ਲੈ ਕੇ ਚਲਦੀ ਹੈ ਅਤੇ ਉਸ ਬੁਨਿਆਦ ਉੱਤੇ ਆਪਣਾ ਕਥਾ ਮਾਡਲ ਉਸਾਰਦੀ ਹੈ। ਇਹ ਕਥਾ ਮਾਡਲ ਉਸ ਦੀ ਆਪਣੇ ਪੂਰਵਕਾਲੀ ਕਹਾਣੀਕਾਰਾਂ ਨਾਲ ਸਾਂਝ ਅਤੇ ਵਿਲੱਖਣਤਾ ਦੇ ਗੁਣਾਂ ਲੱਛਣਾਂ ਵਾਲਾ ਹੈ। ਉਸ ਦਾ ਕਥਾ ਮਾਡਲ ਵਰਤਮਾਨ ਵਸਤੂ ਯਥਾਰਥ ਦੇ ਪ੍ਰਗਟਾਉ ਲਈ ਢੁੱਕਵਾਂ ਹੋਣ ਕਰਕੇ ਉਸ ਦੇ ਉਤਰਕਾਲੀ ਕਹਾਣੀਕਾਰਾਂ ਨੂੰ ਵੀ ਪ੍ਰੇਰਿਤ ਕਰ ਸਕਿਆ ਹੈ।

# ਹਵਾਲੇ ਅਤੇ ਟਿੱਪਣੀਆਂ

1. ਡਾ. ਬਲਦੇਵ ਸਿੰਘ ਧਾਲੀਵਾਲ, ਵਰਿਆਮ ਸਿੰਘ ਸੰਧੂ ਦੀ ਕਹਾਣੀ ਸਰੂਪ ਅਤੇ ਵਿਵੇਕ ਪੰਨਾ-24

2. ਉਹੀ, ਪੰਨਾ-10

3. ਡਾ. ਅਜੀਤ ਸਿੰਘ 'ਸ਼ਾਹੀ', ਡਾ. ਹਰਦੀਪ ਕੌਰ 'ਸ਼ਾਹੀ', ਵਰਿਆਮ ਸਿੰਘ ਸੰਧੂ ਦੀ 'ਚੌਥੀ ਕੂਟ' ਪੰਨਾ-67

4. ਉਹੀ, ਪੰਨਾ-78

5. ਡਾ. ਬਲਦੇਵ ਸਿੰਘ ਧਾਲੀਵਾਲ, ਵਰਿਆਮ ਸਿੰਘ ਸੰਧੂ ਦੀ ਕਹਾਣੀ ਸਰੂਪ ਅਤੇ ਵਿਵੇਕ, ਪੰਨਾ-25

6. ਉਹੀ, ਪੰਨਾ-32

7. ਉਹੀ, ਪੰਨਾ-34

8 ਉਹੀ, ਪੰਨਾ-38

# ਅਧਿਆਇ ਤੀਜਾ

# ਵਰਿਆਮ ਸਿੰਘ ਸੰਧੂ ਦਾ ਵਿਚਾਰਧਾਰਾਈ ਪਰਿਪੇਖ

ਪੰਜਾਬੀ ਕਹਾਣੀ ਸਾਹਿਤ ਦੇ ਅੰਤਰਗਤ ਪੰਜਾਬ ਸੰਕਟ ਦੇ ਪੇਸ਼ਕਾਰ ਵਜੋਂ ਜਿਸ ਕਹਾਣੀਕਾਰ ਦਾ ਨਾਂ ਸਭ ਤੋਂ ਵੱਧ ਉਭਰਿਆ ਉਹ ਵਰਿਆਮ ਸਿੰਘ ਸੰਧੂ ਹੈ। 'ਚੌਥੀ ਕੂਟ' ਕਹਾਣੀ ਸੰਗ੍ਰਿਹ ਦੀਆਂ ਕਹਾਣੀਆਂ ਪੜ੍ਹ ਕੇ ਇਹ ਸਪਸ਼ਟ ਹੋ ਜਾਂਦਾ ਹੈ ਕਿ ਵਰਿਆਮ ਸਿੰਘ ਸੰਧੂ ਪੰਜਾਬ ਸੰਕਟ ਦੀ ਧੁਰ ਅੰਦਰਲੀ ਰੂਹ ਨਿਮਨ ਕਿਸਾਨੀ ਦੁਖਾਂਤ, ਸੰਤਾਪ ਅਤੇ ਪੰਜਾਬੀਅਤ ਦੇ ਮਾਣ ਨੂੰ ਪਕੜਣ ਵਾਲਾ ਸਭ ਤੋਂ ਸਮਰੱਥ ਕਹਾਣੀਕਾਰ ਹੈ। ਇਨ੍ਹਾਂ ਕਹਾਣੀਆਂ ਰਾਹੀ ਸੰਧੂ ਨੇ ਦਹਿਸ਼ਤ ਅਤੇ ਵਹਿਸ਼ਤ ਦੇ ਦੌਰ ਬਾਰੇ ਨਿੱਠ ਕੇ ਪੂਰੀ ਜ਼ਿੰਮੇਵਾਰੀ ਨਾਲ ਤੇ ਉਸਾਰੂ ਪ੍ਰਗਤੀਵਾਦੀ ਦ੍ਰਿਸ਼ਟੀਕੋਣ ਨਾਲ ਲਿਖਿਆ ਹੈ ਤੇ ਇਹ ਕਹਾਣੀਆਂ ਸਦੀਵੀਂ ਮਹੱਤਤਾ ਦੀਆਂ ਧਾਰਨੀ ਹੋ ਨਿਬੜੀਆਂ ਹਨ। ਚੌਥੀ ਕੂਟ ਕਹਾਣੀ ਸੰਗ੍ਰਹਿ ਜੋ ਪਹਿਲੀ ਵਾਰ 1998 ਵਿੱਚ ਪ੍ਰਕਾਸ਼ਿਤ ਹੋਇਆ ਸੀ ਵਿੱਚ ਕੁਲ ਪੰਜ ਕਹਾਣੀਆਂ ਹਨ ।

ਇਹ ਕਹਾਣੀਆਂ ਲੇਖਕ ਦੀਆਂ ਵੱਡ ਆਕਾਰੀ ਕਹਾਣੀਆਂ ਹਨ ਇਹ ਕਹਾਣੀਆਂ ਇਸ ਪੁਸਤਕ ਵਿੱਚ ਆਉਣ ਤੋਂ ਪਹਿਲਾਂ ਪੰਜਾਬ ਦੀ ਪ੍ਰਸਿੱਧ ਪੱਤ੍ਰਿਕਾ ਸਿਰਜਣਾ ਵਿੱਚ ਪ੍ਰਕਾਸ਼ਿਤ ਹੋ ਚੁੱਕੀਆਂ ਹਨ ਜਿਵੇਂ 'ਚੌਥੀ ਕੂਟ' 1989 ਵਿੱਚ ਸਿਰਜਣਾ, 'ਮੈਂ ਹੁਣ ਠੀਕ-ਠਾਕ ਹਾਂ' ਵੀ ਸਿਰਜਣਾ ਵਿੱਚ 1991, 'ਪਰਛਾਵੇਂ'' ਸਿਰਨਾਂਵਾ 1992 ਵਿੱਚ ਪ੍ਰਕਾਸ਼ਿਤ ਹੋਈਆਂ ਹਨ। ਇਸ ਤੋਂ ਬਿਨਾਂ ਛੁੱਟੀ' ਅਤੇ 'ਨੌ ਬਾਰਾਂ ਦਸ ਦੋ ਹੋਰ ਕਹਾਣੀਆਂ ਇਹ ਵੀ ਪਹਿਲਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਇਹਨਾਂ ਵਿੱਚੋ ਪਹਿਲੀਆਂ ਚਾਰ ਨਿਰੋਲ ਪੰਜਾਬ ਸੱਮਸਿਆਵਾਂ ਨਾਲ ਸੰਬੰਧਿਤ ਹਨ। ਕਥਾ ਜਗਤ ਵਿੱਚ ਸੰਧੂ ਹੀ ਉਹ ਲੇਖਕ ਹੈ ਜਿਸ ਨੇ ਇਸ ਸੱਮਸਿਆ ਨੂੰ ਸਮੱਗਰਤਾ ਨਾਲ ਪੇਸ਼ ਕੀਤਾ ਹੈ। ਪੰਜਾਬ ਸੰਕਟ ਦਾ ਗਰਦੋ-ਗੁਬਾਰ ਹੁਣ ਬੈਠ ਚੁੱਕਾ ਹੈ। ਹੁਣ ਇਸ ਲੋੜੀਂਦੀ ਵਿੱਥ ਤੇ ਖੜੋ ਕੇ ਇਸ ਸੱਮਸਿਆ ਜਾਂ ਸੰਕਟ ਦੇ ਪ੍ਰੇਰਕਾਂ, ਲੱਛਣਾਂ ਅਤੇ ਨਤੀਜਿਆਂ ਦੀ ਨਿਸ਼ਾਨਦੇਹੀ ਕਰਨਾ ਸੰਭਵ ਹੋ ਗਿਆ ਹੈ।

'ਚੌਥੀ ਕੂਟ, ਕਹਾਣੀ ਦਾ ਵਿਸ਼ਾ ਉਸ ਮਿਥਿਹਾਸਕ ਰਾਜ ਕੁਮਾਰ ਦੇ ਵਿਵਰਜਿਤ ਖੇਤਰ ਨਾਲ ਜੁੜਿਆ ਹੋਇਆ ਹੈ ਜਿਹੜਾ ਖੇਤਰ ਖਤਰਿਆਂ ਨਾਲ ਭਰਿਆ ਹੋਇਆ ਹੈ। ਪੰਜਾਬ ਸੰਕਟ ਸਮੇਂ ਰਿਸ਼ਤਿਆਂ ਦੇ ਸੰਤੁਲਨ ਵਿੱਚ ਫਿਰਕੂ ਮਾਹੌਲ ਕਾਰਨ ਵਿਗਾੜ ਪੈਦਾ ਹੋ ਗਿਆ ਤੇ ਇਹ ਵਿਗਾੜ ਪਰੰਪਰਾਗਤ ਧਾਰਮਿਕ ਫਿਰਕਿਆਂ ਵਿਚਕਾਰ ਵਧਦਾ ਹੀ ਗਿਆ ਤੇ ਆਖਰ ਪੰਜਾਬ ਵਿੱਚ ਸੰਪਰਦਾਇਕ ਦਹਿਸ਼ਤ ਦਾ ਰਾਜ ਹੋ ਗਿਆ। ਇਸ ਦਹਿਸ਼ਤੀ ਰਾਜ ਵਿੱਚ ਸਫ਼ਰ ਕਰਨਾ ਭੈਅ ਤੇ ਚਿੰਤਾ ਦੀ ਸੂਲੀ ਤੇ ਟੰਗੇ ਹੋਣ ਵਾਲੀ ਗੱਲ ਹੁੰਦੀ ਹੈ। ਇਸ ਕਹਾਣੀ ਵਿੱਚ ਬਿਰਤਾਂਤਕਾਰ ਪਾਤਰ ਅਤੇ

ਉਸਦਾ ਇੱਕ ਦੋਸਤ ਜੁਗਲ ਕਿਸੋਰ ਚੰਡੀਗੜ੍ਹ ਅੰਮਿਤਸਰ ਜਾਣ ਲਈ ਬੱਸ ਰਾਹੀਂ ਰਵਾਨਾ ਹੁੰਦੇ ਹਨ। ਸ਼ਾਮ ਦਾ ਵੇਲਾ ਹੋਣ ਕਰਕੇ ਰਾਹ ਵਿੱਚ ਰਾਤ ਪੈ ਜਾਂਦੀ ਹੈ। ਬੜੀ ਮੁਸ਼ਕਲ ਨਾਲ ਜੰਲਧਰ ਤੱਕ ਹੀ ਪੁੱਜਦੇ ਹਨ ਤਾਂ ਅੱਗੋ ਅੰਮ੍ਰਿਤਸਰ ਜਾਣ ਲਈ ਗੱਡੀ ਦੀ ਇੰਤਜਾਰ ਕਰਦੇ ਹਨ। ਦਹਿਸ਼ਤ ਦੇ ਮਾਹੌਲ ਕਾਰਨ ਜਲੰਧਰ ਰੇਲਵੇ ਸਟੇਸ਼ਨ ਤੇ ਗੱਡੀ ਖਾਲੀ ਕਰ ਦਿੱਤੀ ਜਾਂਦੀ ਹੈ। ਬਿਰਤਾਂਤਕਾਰ ਗੱਡੀ ਵਿੱਚ ਥਾਂ ਲੈਣ ਲਈ ਗਾਰਡ ਨੂੰ ਮਿੰਨਤਾ ਕਰਦੇ ਹੋਏ ਕਹਿੰਦਾ ਹੈ:-

> ''ਸਰ : ਬੜੀ ਪਰਬਲਮ 'ਚ ਫਸ ਗਏਆਂ।
> ਚੰਡੀਗੜ ਬੱਸ' ਤੇ ਤੁਰੇਸਾਂ !ਸੋਚਿਆ ਜਲੰਧਰੋਂ
> ਗੱਡੀ ਫੜ ਲਾਂਗੇ।ਪਰ ਗੱਡੀ ਪਹਿਲਾਂ ਹੀ ਲੰਘ
> ਗਈ ...... ਅੰਬਰਸਰ ਲੈਜਾਵੋ...ਬੜੀ ਮਿਹਰ
> ਬਾਨੀ ਹੋਵੇਗੀ ਤੁਹਾਡੀ ......ਮੁਸ਼ਕਲ 'ਚ ਬੰਦਾ
> ਈ ਬੰਦੇ ਦੀ ਦਾਰੂ ਹੁੰਦਾ ......ਤੁਹਾਡੇ ਡੱਬੇ'ਚ ਖੜੋ
> ਖੜਾ ਕੇ ਚਲੇ ਜਾਂਗੇ।''[1]

ਸਮੁੱਚੇ ਵਾਤਾਵਰਨ ਵਿੱਚ ਦਹਿਸ਼ਤ ਦਾ ਮਾਹੌਲ ਹੋਣ ਕਰਕੇ ਇੱਕ ਦੂਜੇ ਉੱਪਰ ਕੋਈ ਵੀ ਇਤਬਾਰ ਨਹੀ ਕਰਦਾ ਪਾਤਰਾਂ ਵਿੱਚ ਪੱਗਾਂ ਵਾਲੇ ਵੀ ਹਨ, ਪਟਿਆਂ ਵਾਲੇ ਵੀ ਅਤੇ ਪੇਟੀਆਂ ਵਾਲੇ ਵੀ। ਤਿੰਨੇ ਧਿਰਾ ਹੀ ਆਪੇ ਆਪਣੀ ਥਾਂ ਤੇ ਦਹਿਸ਼ਤਗਰਦੀ ਦਾ ਸੰਤਾਪ ਭੋਗਣ ਲਈ ਮਜਬੂਰ ਹਨ। ਇਸ ਸੰਤਾਪ ਨੂੰ ਹੋਰ ਗਹਿਰਾ ਬਨਾਉਣ ਲਈ ਕਹਾਣੀਕਾਰ ਨੇ ਬਿਰਤਾਂਤਕਾਰ ਪਾਤਰ ਦੀ ਸਿਮਰਤੀ ਵਿੱਚ ਉਭਰਦੀ ਇੱਕ ਪੁਰਾਣੀ ਘਟਨਾ ਦਾ ਵੇਰਵਾ ਦਿੱਤਾ ਕਿ ਘੁੱਗ ਵਸਦੇ ਪੰਜਾਬ ਵਿੱਚ ਸ਼ਾਂਤਮਈ ਮਾਹੌਲ ਸੀ, ਧਰਮ ਜਾਂ ਜਾਤ-ਪਾਤ ਦਾ ਕੋਈ ਵਿਤਕਰਾ ਨਹੀ ਸੀ, ਹਰੇਕ ਪੰਜਾਬੀ ਦੇ ਮਨ ਵਿੱਚ ਦੂਸਰਿਆਂ ਦੇ ਕੰਮ ਆਉਣ ਦਾ ਚਾਅ ਠਾਠਾਂ ਮਾਰਦਾ ਸੀ। ਇਨ੍ਹਾਂ ਵੇਰਵਿਆਂ ਨੂੰ ਕਹਾਣੀ ਦੇ ਅੰਤਰਗਤ ਇਸ ਤਰ੍ਹਾਂ ਪ੍ਰਗਟਾਇਆ ਗਿਆ ਹੈ:-

> '' ਜੁਗਲ ਕਿਸ਼ੋਰ ਮਾਹੌਲ ਦਾ ਸ਼ਬਦ ਸੁਣਦੇ ਹੀ ਆਪਣੀ ਗਲੀ ਦੇ
> ਪੰਡਤ ਰਾਮ ਚੰਦ ਦੇ ਹਵਾਲੇ ਨਾਲ ਗੱਲ ਕਰਨ ਲੱਗਾ ਜਿਹੜਾ
> ਅਕਸਰ ਕਹਿੰਦਾ ਰਹਿੰਦਾ ਸੀ, ਮਾਹੌਲ ਬੜਾ ਖਰਾਬ ਐ ਜੀ......
> ਏਸ ਮਾਹੌਲ 'ਚ ਸੋਚਵਾਨ ਬੰਦੇ ਦਾ ਜੀਣਾ ਮੁਸ਼ਕਲ ਹੋਇਆ ਪਿਐ.....
> ਉਹ ਮਾਹੌਲ ਈ ਨਹੀਂ ਰਹਿ ਗਿਆ ਜਦੋਂ ਲੋਕ ਭਰਾਵਾਂ ਵਾਂਗ ਇੱਕ ਦੂਜੇ
> ਦੇ ਕੰਮ ਆ ਕੇ, ਗਲੇ ਮਿਲ ਕੇ ਖੁਸ਼ ਹੁੰਦੇ ਸਨ।[2]

ਇਨ੍ਹਾਂ ਵੇਰਵਿਆਂ ਦੇ ਆਧਾਰ ਤੇ ਵਰਿਆਮ ਸੰਧੂ ਇਸ ਗੱਲ ਉੱਤੇ ਵੀ ਰੌਸ਼ਨੀ ਪਾ ਦਿੰਦਾ ਹੈ ਕਿ ਧਰਮ ਜਾਤਾ ਜਾਂ ਕਿਸੇ ਹੋਰ ਕਿਸਮ ਦੇ ਵਖਰੇਵੇਂ ਫਿਤਰਤ ਦਾ ਕਾਇਮੀ ਅੰਗ ਨਹੀ ਸਗੋਂ ਇੱਕ ਖਾਸ ਸਮੇਂ ਵਿੱਚ ਖਾਸ ਕਿਸਮ ਦੇ ਹਿੱਤਾਂ ਦੀ ਪੂਰਤੀ ਵਜੋਂ ਉਭਰਦੇ ਹਨ ਤੇ ਲੋਕਾਂ ਨੂੰ ਦੁਖਾਂਤ ਦੇ ਮੂੰਹ ਵਿੱਚ ਧੱਕ ਦਿੰਦੇ ਹਨ। ਕਹਾਣੀ ਦਾ ਇਹੀ ਗਲਪ ਵੇਰਵਾ ਕਹਾਣੀ ਦੇ ਅੰਤ ਉੱਪਰ ਪਰਤਵੇਂ ਰੂਪ ਵਿੱਚ ਫੱਟਦਾ ਹੈ ਤਾਂ ਪਾਠਕ ਹਿੰਦੂ-ਸਿੱਖ ਸੰਬੰਧਾਂ ਦੇ ਵਰਤਮਾਨ ਖੰਡਮਈ ਤੇ ਦੁਫੇੜ ਸਥਿਤੀਆਂ ਦੇ ਪ੍ਰੰਸਗ ਵਿੱਚ ਇਨ੍ਹਾਂ ਸੰਬੰਧਾਂ ਦੀਆਂ ਇਤਿਹਾਸਕ ਕਦਰਾ-ਕੀਮਤਾਂ ਬਾਰੇ ਸੋਚਦੇ ਹਨ।

ਇਹ ਮਾਹੌਲ ਮਾਨਵੀ ਅਤੇ ਭਰਾਤਰੀ ਭਾਵ ਨੂੰ ਪਰਤ-ਦਰ-ਪਰਤ ਨਸ਼ਟ ਕਰਨ ਵਾਲਾ ਹੈ। ਹਿੰਦੂ ਅਤੇ ਸਿੱਖ ਦੀ ਬਾਹਰੀ ਦਿੱਖ ਹੀ ਉਨ੍ਹਾਂ ਦੀ ਮੂਲ ਪਛਾਣ ਦਾ ਆਧਾਰ ਬਣ ਜਾਂਦੀ ਹੈ। ਜਲੰਧਰ ਦੇ ਰੇਲਵੇ ਸਟੇਸ਼ਨ ਉੱਤੇ ਕੁਝ ਸਿੱਖ ਅਤੇ ਹਿੰਦੂ ਵਿਅਕਤੀ ਸੰਕਟ 'ਚ ਘਿਰੇ ਖੜ੍ਹੇ ਹਨ। ਰਾਤ ਦਾ ਸਮਾਂ ਹੈ ਅਤੇ ਉਨ੍ਹਾਂ ਨੂੰ ਅੰਮ੍ਰਿਤਸਰ ਪਹੁੰਚਣ ਲਈ ਕੋਈ ਸਵਾਰੀ ਨਹੀਂ ਲੱਭ ਰਹੀ। ਇੱਕ ਆਖਰੀ ਗੱਡੀ ਜਿਸ ਨੂੰ ਜਲੰਧਰੋਂ ਖਾਲੀ ਕਰਕੇ ਫੇਰ ਅੰਮ੍ਰਿਤਸਰ ਲਿਜਾਣਾ ਹੈ, ਵਿੱਚ ਥਾਂ ਲੈਣ ਲਈ ਉਹ ਹਰ ਤਰ੍ਹਾਂ ਦੇ ਤਰਲੇ ਮਾਰਦੇ ਹਨ। ਇਥੇ ਜੇ ਸਾਹਮਣੇ ਮੱਦਦ ਕਰਨ ਵਾਲਾ ਅਧਿਕਾਰੀ ਸਿੱਖ ਸਰੂਪ ਵਾਲਾ ਨਜ਼ਰ ਆਉਂਦਾ ਹੈ ਤਾਂ ਉਹ ਮੱਦਦ ਲਈ ਸਿੱਖ ਦਿੱਖ ਵਾਲੀ ਸਵਾਰੀ ਨੂੰ ਪੁੱਛਣ ਲਈ ਅੱਗੇ ਕਰਦੇ ਹਨ।

> " ਅਸੀ ਉਸ ਹਵਾਲਦਾਰ ਨਾਲ ਗੱਲ ਕਰਨ ਦੀ ਸੋਚੀ। ਮੈਂ ਤੇ ਜੁਗਲ ਦੋ ਕਦਮ
> ਪਿੱਛੇ ਖੜੋਤੇ ਰਹੇ। ਸਰਦਾਰ ਹਵਾਲਦਾਰ ਨੂੰ ਪੁੱਛਣ ਲਈ ਸਰਦਾਰ ਹੀ
> ਢੁਕਵਾਂ ਬੰਦਾ ਸੀ"।[3]

ਹਿੰਦੂ ਫਿਰਕੇ ਦੀ ਅਜਿਹੀ ਸਹਿਮੀ ਹੋਈ ਮਾਨਸਿਕਤਾ ਦੇ ਪਿਛੋਕੜ ਵਿੱਚ ਕੱਟੜ ਸਿੱਖਾਂ ਦਾ ਵਤੀਰਾ ਕਾਰਜਸ਼ੀਲ ਹੁੰਦਾ ਹੈ। ਕਹਾਣੀਕਾਰ ਨੇ ਅਜਿਹੀ ਡਰੂ ਮਾਨਸਿਕਤਾ ਉਭਰਨ ਦੇ ਕਾਰਨਾਂ ਨੂੰ ਚਿਤਰਿਆ ਹੈ। ਰਾਜਕੁਮਾਰ ਦੀ ਸੋਚ ਦਾ ਇੱਕ ਗਲਪ ਵੇਰਵਾਂ ਇਸ ਦਾ ਰਹੱਸ ਖੋਲਦਾ ਹੈ। ਰਾਜਕੁਮਾਰ ਦੇ ਸਕੂਲ ਦਾ ਅੰਮ੍ਰਿਤਧਾਰੀ ਡੀ. ਪੀ. ਈ. ਅਕਸਰ ਹੀ ਕਹਿੰਦਾ ਰਹਿੰਦਾ ਹੈ:-

> " ਬ੍ਰਾਹਮਣ ... ਲੁਟੇਰਾ ਕੌਮ, ਝੂਠੀ ਤੇ ਬੇਈਮਾਨ, ਮੀਸਣੀ ਤੇ ਧੋਖੇਬਾਜ਼,
> ਇਹਨਾਂ ਦਾ ਵਸਾਹ ਨਹੀਂ ਕੀਤਾ ਜਾ ਸਕਦਾ ਕਦੀ... ਪਹਿਲਾਂ ਆਂਹਦੇ ਸਨ
> ਸਾਡੇ ਨਾਲ ਰਹੋ ... ਆਜ਼ਾਦ ਹੋ ਲਈਏ ... ਤੁਹਾਡੇ ਰਹਿਣ ਲਈ ਇੱਕ

> ਖਿੱਤਾ ਦਿਆਂਗੇ ਆਜ਼ਾਦੀ ਦਾ ਨਿੱਘ ਮਾਨਣ ਲਈ ... ਤੇ ਆਜ਼ਾਦ ਹੁੰਦਿਆਂ
> ਈ ...ਅਖੇ ਤੁਸੀਂ ਤਾਂ ਜਰੈਮ ਪੇਸ਼ਾ ਕੌਮ ਓ ... ਤੇ ਨਿੱਘ ਦਿੱਤਾ ਨੇ ਬਲਦੇ
> ਟੈਰ ਗਲਾਂ 'ਚ ਪਾਕੇ ... ਫੇਰ ਸਮਝੌਤੇ ਕਰਦੇ ਨੇ ... ਮੁੱਕਰ ਜਾਂਦੇ ਨੇ ...
> ਜੇ ਸਿੰਘ ਖੜਕਾ ਦੜਕਾ ਕਰਦੇ ਨੇ ਤਾਂ ਚੀਕਦੇ ਨੇ ... ਸਾਰਾ ਹਿੰਦੁਸਤਾਨ
> ਸਿਰ ' ਤੇ ਚੁੱਕਣਾ ਲਿਆ"।[4]

ਕਹਾਣੀ ਚੌਥੀ ਕੂਟ ਵਿੱਚ ਬੇਵਿਸ਼ਵਾਸੀ ਦੇ ਅਜਿਹੇ ਮਾਹੌਲ ਕਰਕੇ ਹੀ ਟਰੰਕ ਲਾਗੇ ਬੈਠੇ ਸਿੱਖ ਮੁੰਡੇ ਵਿੱਚੋਂ ਵੀ ਰਾਜਕੁਮਾਰ ਨੂੰ ਅੰਮ੍ਰਿਤਧਾਰੀ ਡੀ. ਪੀ. ਈ. ਨਜ਼ਰ ਆਉਂਦਾ ਹੈ ਪਰੰਤੂ ਵਾਸਤਵਿਕ ਤੌਰ ਤੇ ਇਹ ਸਿੱਖ ਮੁੰਡੇ ਵੀ ਰਾਜਕੁਮਾਰ ਤੇ ਜੁਗਲ ਵਰਗੇ ਸੰਕਟ ਦਾ ਹੀ ਸ਼ਿਕਾਰ ਹਨ। ਇਹ ਸਿੱਖ ਨੌਜਵਾਨ ਕੁਵੇਲੇ ਸਫਰ ਕਰਨ ਦੇ ਸੰਕਟ ਦਾ ਸ਼ਿਕਾਰ ਹਨ ਪਰੰਤੂ ਖਾੜਕੂ ਦਹਿਸ਼ਤ ਦੇ ਪ੍ਰਭਾਵ ਵਜੋਂ ਜਿਥੇ ਪੁਲੀਸ ਕਰਮਚਾਰੀ ਤੇ ਰੇਲਵੇ ਗਾਰਡ ਦਾ ਸਿੱਖ ਨੌਜਵਾਨਾਂ ਪ੍ਰਤੀ ਵਿਹਾਰ ਹਮਦਰਦੀ ਭਰਿਆ ਹੁੰਦਾ ਹੈ ਉੱਥੇ ਰਾਜਕੁਮਾਰ ਤੇ ਜੁਗਲ ਕਿਸ਼ੋਰ ਪ੍ਰਤੀ ਉਹਨਾਂ ਦਾ ਵਤੀਰਾ ਤ੍ਰਿਸਕਾਰਮਈ ਹੈ। ਦੋਹਾਂ ਧਿਰਾਂ ਦੀ ਅਜਿਹੀ ਪਰਸਪਰ ਖਿੱਚੋਤਾਣ ਪੰਜਾਬ ਸੰਕਟ ਨੂੰ ਹੋਰ ਗਹਿਰਾ ਕਰਦੀ ਹੈ। ਇਸ ਦਾ ਸਮਾਧਾਨ ਸਿਰਫ ਤੇ ਸਿਰਫ ਭਾਵਨਾ ਦੀ ਪੱਧਰ ਉੱਤੇ ਇੱਕ ਦੂਜੇ ਪ੍ਰਤੀ ਕੁਝ ਸਦਭਾਵੀ ਕਥਨ ਬੋਲੇ ਜਾਣ ਵਿੱਚ ਨਹੀਂ ਸਗੋਂ ਅਜਿਹੀਆਂ ਵਸਤੂਆਂ ਸਥਿਤੀਆਂ ਸਿਰਜੇ ਜਾਣ ਵਿੱਚ ਹੈ ਜਿਹੜੀਆਂ ਇਨ੍ਹਾਂ ਨੂੰ ਇੱਕ ਦੂਜੇ ਦੇ ਪੂਰਕ ਬਣਾ ਸਕਣ।

'ਚੌਥੀ ਕੂਟ' ਕਹਾਣੀ ਹਿੰਦੂ ਸਿੱਖ ਰਿਸ਼ਤਿਆਂ ਦੇ ਸਦੀਵੀਂ ਸੰਬੰਧਾਂ ਦੀ ਇੱਕ ਲੰਮੀ ਬੁਝਾਰਤ ਹੈ ਇਸ ਬੁਝਾਰਤ ਨੂੰ ਬੁੱਝਣਾ ਹੀ ਹਿੰਦੂ ਸਿੱਖ ਰਿਸ਼ਤਿਆਂ ਦੀ ਸਦੀਵਤਾ ਨੂੰ ਲੱਭਣਾ ਹੈ। ਇਨ੍ਹਾਂ ਕਾਰਨਾਂ ਦੀਆਂ ਤਹਿਆਂ ਨੂੰ ਫਰੋਲਣ ਲਈ ਵਰਿਆਮ ਸੰਧੂ ਕਹਾਣੀ ਵਿੱਚ ਇੱਕ ਲਘੂ ਕਥਾਂ ਦਾ ਗਲਪ ਬਿਰਤਾਂਤ ਸਿਰਜਦਾ ਹੈ। ਰਾਜਕੁਮਾਰ ਦੇ ਅਵਚੇਤਨ ਵਿੱਚ ਦਸ ਸਾਲ ਪਹਿਲਾਂ ਵਾਪਰੀ ਘਟਨਾ ਯਾਦ ਆਉਂਦੀ ਹੈ ਜਦੋਂ ਉਹ ਆਪਣੇ ਸਹੁਰੇ ਪਿੰਡ ਸਾਲੀ ਦੇ ਵਿਆਹ ਜਾਂਦਾ ਹੈ ਪਰ ਰਾਹ ਭਟਕ ਜਾਣ ਕਾਰਨ ਉਹ ਸੁਰਜੀਤ ਦੀ ਬਹਿਕ ਤੇ ਚਲੇ ਜਾਂਦੇ ਹਨ। ਬਹਿਕ ਉਪਰ ਉਹਨਾਂ ਦੀ ਆਉ ਭਗਤ ਪਿੰਡ ਦੇ ਜਵਾਈ ਦੀ ਸਮਾਜਕ ਕਦਰ ਨਾਲ ਹੁੰਦੀ ਹੈ। ਹਨੇਰੀ ਰਾਤ 'ਚ ਖੇਤਾ ਦੀਆਂ ਵੱਟਾਂ ਉੱਪਰ ਡਿਕੇ ਡੋਲੇ ਖਾਂਦੇ ਬੇਖੌਫ ਤੁਰੇ ਜਾਂਦੇ ਹਨ।

ਹਿੰਦੂਆਂ ਸਿੱਖ ਦੇ ਇੱਕ ਦੂਜੇ ਦੇ ਸਹੀ ਮਾਅਨਿਆਂ ਵਿੱਚ ਪੂਰਕ ਅਤੇ ਸਹਾਇਕ ਬਣਨ ਦੀ ਸਥਿਤੀ ਕਹਾਣੀ 'ਚੌਥੀ ਕੂਟ' ਦੇ ਅੰਤ ਵਿੱਚ ਸਿਰਜੀ ਗਈ ਹੈ। ਜਦੋਂ ਅੰਮ੍ਰਿਤਸਰ ਦੇ ਸਟੇਸ਼ਨ ਤੋਂ ਪਹਿਲਾਂ ਹੀ ਰਾਜਕੁਮਾਰ, ਜੁਗਲ ਕਿਸ਼ੋਰ ਅਤੇ ਸਿੱਖ ਨੌਜਵਾਨਾਂ ਨੂੰ ਰਾਤ ਦੇ ਹਨੇਰੇ ਵਿੱਚ ਗੱਡੀਓ ਉਤਾਰ ਦਿੱਤਾ ਜਾਂਦਾ ਹੈ ਤਾਂ ਰਾਜਕੁਮਾਰ ਹੋਰੀ ਇਸ ਗੱਲੋਂ ਡਰ

ਜਾਂਦੇ ਹਨ ਕਿ ਕਿਤੇ ਸਿੱਖ ਨੌਜਵਾਨ ਅੱਤਵਾਦੀ ਨਾ ਹੋਣ ਅਤੇ ਉਨ੍ਹਾਂ ਨੂੰ ਪਿੱਛੋਂ ਗੋਲੀ ਨਾ ਮਾਰ ਦੇਣ। ਦੂਜੇ ਪਾਸੇ ਸਿੱਖ ਨੌਜਵਾਨ ਉਨ੍ਹਾਂ ਦਾ ਆਸਰਾ ਤੱਕਦੇ ਹਨ :-

> " ਅਸਲ' ਚ ਗੱਲ ਇਹ ਹੈ ਕਿ ਅਸੀ ਦੋਵੇਂ ਡਰਦੇ ਆਂ ਕਿਤੇ ਸੀ . ਆਰ. ਪੀ. ਜਾਂ ਪੁਲਿਸ 'ਚ ਕਿਸੇ ਨੇ ਵੇਖ ਲਿਆਂ ਤਾਂ ਸਾਨੂੰ ਸ਼ਕਲੋਂ ਸਿੱਖ ਵੇਖ ਕੇ ਗੋਲੀ ਨਾ ਮਾਰ ਦੇਣ ... ਅੱਜ ਕੱਲ੍ਹ ਬੰਦਾ ਮਾਰਨ ਲੱਗਿਆਂ ਪੁੱਛ- ਗਿੱਛ ਕੌਣ ਕਰਦਾ ਐ ਜੀ। ... ਤੁਸੀ ਨਾਲ ਹੋਵੋਗੇ ਤਾਂ ਕੋਈ ਮਿਲਿਆ ਵੀ ਤਾਂ ਤੁਹਾਡੇ ਕਰਕੇ ਸਾਡਾ ਬਚਾਅ ਹੋ ਜਾਊਗਾ ..."।[5]

ਕਹਾਣੀ 'ਮੈਂ ਹੁਣ ਠੀਕ-ਠਾਕ ਹਾਂ' ਪੰਜਾਬ ਦੇ ਅਤਿਵਾਦ ਦੀ ਇੱਕ ਹੋਰ ਪਰਤ ਖੋਲ੍ਹਦੀ ਹੈ। ਇਸ ਦਾ ਮੁੱਖ ਪਾਤਰ ਜੋਗਿੰਦਰ ਸਿੰਘ ਹੈ ਜੋ ਜਿੰਦਾ ਜਾਫੀ' ਜੋਗਿੰਦਰ ਜੱਟ, ਜਿੰਦਾ ਘੈਂਟ, ਗੱਭਰੂ ਦੇਸ਼ ਪੰਜਾਬ ਦਾ, ਜਿੰਦਾ ਖੁੰਮ, ਅਤੇ ਜਿੰਦਾ ਜੋਧਾ ਦੇ ਵਿਸ਼ੇਸ਼ਣ ਨਾਲ ਜਾਣਿਆ ਜਾਂਦਾ ਸੀ। ਇਹ ਵਿਸ਼ੇਸ਼ਣ ਇਵੇਂ ਹਨ ਜਿਵੇਂ ਉਸ ਨੇ ਆਪਣੀ ਜਵਾਨੀ ਵਿੱਚ ਇਹ ਤਗਮੇ ਜਿੱਤੇ ਹੋਣ ਪਰ ਅਤਿਵਾਦ ਨੇ ਉਸ ਦੇ ਇਹ ਸਾਰੇ ਵਿਸ਼ੇਸ਼ਣ ਖੋਹ ਲਏ ਹੋਣ ਤੇ ਉਹ ਹੁਣ ਸਿਰਫ 'ਮਿੱਟੀ ਦੀ ਢੇਰੀ' ਸੰਗਲੀ ਨਾਲ ਬੱਝਾ ਕੁੱਤਾ' ਟੁੰਡੇ ਹੱਥਾ ਵਾਲਾ , ਅਤੇ ਲੱਕ ਟੁੱਟਾ ਸੱਪ ਬਣ ਕੇ ਰਹਿ ਰਿਹਾ ਹੈ। ਉਸ ਦਾ 'ਬਾਹੂ ਬਲ' ਅਣਖ ਅਤੇ ਮਰਦਾਨਗੀ ਸਭ 'ਟੋਮੀ ਦੀ ਕਬਰ' ਵਿੱਚ ਦਫਨ ਹੋ ਜਾਂਦੇ ਹਨ। ਪੰਜਾਬ ਵਿੱਚ ਵਾਪਰੇ ਅਤਿਵਾਦ ਦੇ ਹਾਲਾਤਾਂ ਨੇ ਬਹਿਕਾਂ ਤੇ ਰਹਿੰਦੇ ਲੋਕਾਂ ਦੇ ਦਿਨ ਤੇ ਰਾਤ ਦੀ ਨੀਂਦ ਗਵਾ ਦਿੱਤੀ ਸੀ। ਰਾਤਾਂ ਨੂੰ ਅੱਤਵਾਦੀ ਸਿੰਘ ਆਉਂਦੇ ਅਤੇ ਇਹ ਵਾਰਨਿੰਗ ਦੇ ਜਾਂਦੇ ਕਿ ਆਪਣੇ ਪਾਲਤੂ ਕੁੱਤੇ ਮਾਰ ਲਵੋ, ਜੇ ਨਹੀਂ ਕਰੋਗੇ ਤਾਂ ਝਟਕਾ ਦਿੱਤੇ ਜਾਓਗੇ। ਦਿਨ ਵੇਲੇ ਸੀ. ਆਰ. ਪੀ. ਤੇ ਪੁਲਿਸ ਆ ਕੇ ਤੰਗ ਕਰਦੀ ਕਿ ਰਾਤੀਂ ਤੁਹਾਡੇ ਕੋਲ ਅਤਿਵਾਦੀ ਆਏ ਸਨ। ਕਹਾਣੀ ਦਾ ਮੁੱਖ ਪਾਤਰ ਜੋਗਿੰਦਰ ਜੋ ਆਪਣੀ ਸਰੀਰਕ ਤਾਕਤ ਕਰਕੇ ਕਹਿੰਦਾ ਕਹਾਉਂਦਾ ਸੀ ਪਰ ਇਸ ਖਾੜਕੂ ਲਹਿਰ ਅੱਗੇ ਬੇਬਸ ਹੋ ਕੇ ਰਹਿ ਜਾਂਦਾ ਹੈ।

ਜੋਗਿੰਦਰ ਚੱਕੀ ਦੇ ਪੁੜਾਂ 'ਚ ਪਿਸਣ ਲਈ ਮਜਬੂਰ ਹੈ। ਇੱਕ ਪਾਸੇ ਸਿੱਖ ਖਾੜਕੂ ਹਨ ਜਿਹੜੇ ਜੋਗਿੰਦਰ ਦੁਆਰਾ ਆਪਣਾ ਪਾਲਤੂ ਕੁੱਤਾ 'ਟੋਮੀ' ਨਾ ਮਾਰੇ ਜਾਣ ਦੀ ਸਜ਼ਾ ਵਜੋਂ ਉਸ ਦੀ ਦੁਰਗਤ ਕਰਦੇ ਹਨ ਅਤੇ ਦੂਜੇ ਪਾਸੇ ਖਾੜਕੂਆਂ ਨੂੰ ਪਨਾਹ ਦੇਣ ਦੇ ਇਲਜ਼ਾਮ ਵਿੱਚ ਸੀ. ਆਰ. ਪੀ. ਅਤੇ ਪੰਜਾਬ ਪੁਲਸ ਉਸ ਉੱਤੇ ਤਸੱਦਦ ਕਰਦੀ ਹੈ। 'ਮਾੜਚੂ' ਜਿਹੇ ਅੱਤਵਾਦੀ ਅੱਗੇ ਛੇ ਫੁੱਟ ਤੋਂ ਵਧੀਕ ਕੱਦਾਵਰ ਜੋਗਿੰਦਰ ਮਜਬੂਰ ਹੋ ਜਾਂਦਾ ਹੈ:-

> "ਉਹਨੇ ਨੇੜੇ ਆਉਂਦਿਆਂ ਹੀ ਜੋਗਿੰਦਰ ਨੂੰ ਗਲਮੇ ਤੋਂ ਫੜ੍ਹ ਲਿਆ ... ਜਿਵੇ

> ਸੰਗਲੀ ਨਾਲ ਬੱਝਾ ਕੁੱਤਾ ਤੁਰਦਾ ਹੈ, ਉਹਦੇ ਹੱਥੋਂ ਗਲਮਾ ਛੁਡਾਏ ਬਿਨਾਂ ਹੀ ਜੋਗਿੰਦਰ ਉਹਦੇ ਪਿੱਛੇ- ਪਿੱਛੇ ਕੁੱਤੇ ਵਾਂਗ ਤੁਰਿਆ ਜਾਂ ਰਿਹਾ ਸੀ। ਜੋਗਿੰਦਰ ਨੇ ਇੱਕ ਵਾਰ ਚਾਹਿਆ ਵੀ ਕਿ ਹੱਥ ਵਧਾ ਕੇ ਉਸ ਤੋਂ ਗਲਮਾ ਛੁਡਾ ਲਵੇ। ਉਹ ਮਾੜਚੂ ਜਿਹਾ ਮੁੰਡਾ ਉਸ ਦੀ ਤਾਕਤ ਸਾਹਵੇਂ ਕੀ ਸੀ। ਪਰ ਉਸਦੇ ਹੱਥ ਮਸਾਂ ਉਸਦੀ ਛਾਤੀ ਤੱਕ ਆਏ ਤੇ ਫਿਰ ਆਪ ਹੀ ਥੱਲੇ ਲੁੜਕ ਗਏ"।[6]

ਇਸ ਤਰ੍ਹਾਂ ਦੇ ਬਹੁਪੱਖੀ ਦਬਾਵਾਂ ਵਿੱਚ ਵਿਚਰਦਿਆਂ ਹੋਇਆ ਵੀ ਪੰਜਾਬ ਦੀ ਮੱਧਲੀ ਕਿਰਸਾਣੀ ਦਾ ਪ੍ਰਤੀਨਿਧ ਪਾਤਰ ਜੋਗਿੰਦਰ ਆਪਣੇ ਅੰਦਰਲੇ ਮਾਨਵੀ ਮੋਹ ਨੂੰ ਮਰਨ ਤੋਂ ਬਚਾਉਣ ਦਾ ਸੰਘਰਸ਼ ਕਰਦਾ ਹੈ। ਰਾਜ ਸੱਤਾ ਦੀ ਸ਼ਕਤੀ ਅਤੇ ਖਾੜਕੂ, ਦੋਵੇ ਧਿਰਾਂ ਹੀ ਅਮਾਨਵੀ ਚਰਿੱਤਰ ਦੀਆਂ ਧਾਰਨੀ ਬਣ ਕੇ ਨਿਰਦੋਸ਼ਿਆਂ ਦੇ ਕਤਲ ਦਾ ਰਾਹ ਅਖਤਿਆਰ ਕਰ ਚੁੱਕੀਆਂ ਹਨ। ਜੋਗਿੰਦਰ ਸੁਚੇਤ ਤੌਰ ਤੇ ਇਨ੍ਹਾਂ ਸ਼ਕਤੀਆਂ ਤੋਂ ਨਾਬਰ ਹੋਣ ਦੀ ਥਾਂ ਇਨ੍ਹਾਂ ਦੀ ਅਧੀਨਗੀ ਕਬੂਲ ਕਰਦਾ ਹੈ ਪਰ ਅਚੇਤ ਤੌਰ ਤੇ ਉਹ ਇਨ੍ਹਾਂ ਦੇ ਵਿਰੋਧ 'ਚ ਹੈ। ਜੋਗਿੰਦਰ ਦਾ ਕੁੱਤਾ ਟੋਮੀ, ਪੰਜਾਬੀਆਂ ਦੀ ਵਫਾ, ਮਰਦਾਨਗੀ ਅਤੇ ਦੂਜਿਆਂ ਲਈ ਜਾਨ ਹੂਲਣ ਦਾ ਚਿੰਨ੍ਹ ਬਣ ਕੇ ਪੇਸ਼ ਹੁੰਦਾ ਹੈ। ਜੋਗਿੰਦਰ ਉਸ ਟੌਮੀ ਨੂੰ ਪਾਲ ਪੋਸ ਕੇ, ਪੁੱਤ ਵਾਲਾ ਦਰਜਾ ਦੇ ਕੇ ਹੁਣ ਉਸਨੂੰ ਆਪਣੇ ਹੱਥੀ ਮਾਰਨਾ ਨਹੀਂ ਚਾਹੁੰਦਾ। ਜੇ ਉਹ ਭੈਅ ਕਾਰਨ ਟੌਮੀ ਨੂੰ ਮਾਰ ਵੀ ਦਿੰਦਾ ਹੈ ਤਾਂ ਨਾਲ ਹੀ ਉਸ ਅੰਦਰਲਾ ਸਵੈਮਾਣ ਅਤੇ ਉਹਦੀ ਮਾਨਵੀਅਤਾ ਵੀ ਪ੍ਰਤੀਤ ਹੁੰਦੀ ਹੈ। ਉਸ ਨੂੰ ਚੁਫੇਰਿਓ ਸੜੇ ਮਾਸ ਦਾ ਮੁਸਕ ਆਉਣ ਲੱਗ ਪੈਂਦਾ ਹੈ। ਸਥਾਪਤੀ ਵਿਅਕਤੀ ਦੇ ਪੱਧਰ ਉੱਤੇ ਜੋਗਿੰਦਰ ਦੇ ਸਵੈਮਾਨ ਅਤੇ ਗੌਰਵ ਨੂੰ ਮਿਟਾਉਣ ਦਾ ਯਤਨ ਕਰਦੀ ਹੈ ਤਾਂ ਸਮੂਹ ਦੇ ਪੱਧਰ ਉੱਤੇ ਸਿੱਖ ਗੌਰਵ ਨੂੰ ਕੁਚਲਣ ਵਾਸਤੇ ਅਕਾਲ ਤਖਤ ਨੂੰ ਢਾਹੁੰਦੀ ਹੈ।

ਅਜਿਹਾ ਕਿਸ ਲਈ ਕੀਤਾ ਜਾਂਦਾ ਹੈ ਇਸ ਪ੍ਰਸ਼ਨ ਦਾ ਜਵਾਬ ਇਹ ਕਹਾਣੀ ਆਰਥਿਕਤਾ ਦੇ ਪ੍ਰਸੰਗ ਵਿੱਚ ਦੇਣ ਦੀ ਥਾਂ ਇਤਿਹਾਸਕਤਾ ਦੇ ਸੰਦਰਭ ਵਿੱਚ ਦਿੰਦੀ ਹੈ। ਇਸ ਇਤਿਹਾਸਕਤਾ ਦਾ ਸੰਬੰਧ ਸਿੱਖ ਪਰੰਪਰਾ ਨਾਲ ਹੈ, ਜਿਸ ਦੀ ਸਿਮਰਤੀ ਮਾਤਰ ਚੇਤਨਾ ਹੀ ਮੁੱਖੇ ਜਮ ਨੂੰ ਮੁੱਖਾ ਨਿਹੰਗ ਬਣਾ ਦਿੰਦੀ ਹੈ। ਉਸ ਵਿਅਕਤੀ ਵਿੱਚ ਪਰਿਵਰਤਨ ਲਿਆਉਣ ਵਾਲੀਆਂ ਦੋ ਘਟਨਾਵਾਂ ਹਨ। ਪਹਿਲੀ ਦਰਬਾਰ ਸਾਹਿਬ ਉੱਤੇ ਹਮਲੇ ਦੀ ਹੈ, ਜਦੋਂ ਅਧਿਕਾਰੀਆਂ ਨੇ ਡਿਊਟੀ ਵਜਾਉਂਦਿਆਂ ਪਰਿਕਰਮਾਂ ਵਿੱਚ ਬੇਕਸੂਰਿਆਂ ਦੀਆਂ ਲਾਸ਼ਾਂ ਦੇ ਢੇਰ ਲਾ ਦਿੱਤੇ ਸਨ ਅਤੇ ਦੂਜੀ ਬੱਸ ਵਿੱਚੋਂ ਇੱਕੋ ਫਿਰਕੇ ਦੇ ਕੁਝ ਬੰਦਿਆਂ ਨੂੰ ਕੱਢ ਕੇ ਮਾਰਨ ਦੀ ਹੈ ਜਦੋਂ ਇੱਕ ਨਿਹੰਗ ਸਿੰਘ ਨੇ ਇੱਕ ਮੋਨੇ ਨੌਜਵਾਨ ਨੂੰ ਆਪਣਾ ਪੁੱਤਰ ਕਹਿ ਕੇ ਬਚਾ ਲਿਆ ਸੀ। ਇਨ੍ਹਾਂ ਘਟਨਾਵਾਂ ਉਪਰੰਤ ਮੁੱਖਾ ਝੂਠੀ ਸਰਕਾਰ ਦਾ ਹੁਕਮ ਮੰਨਣ ਤੋਂ ਇਨਕਾਰੀ ਹੋ ਕੇ ਸੱਚੀ ਸਰਕਾਰ ਦਾ ਹੁਕਮ ਮੰਨਣ ਦਾ ਦ੍ਰਿੜ ਨਿਸ਼ਚਾ ਕਰਦਾ ਹੈ, ਅਤੇ ਬੇਜ਼ੁਬਾਨਾਂ, ਨੂੰ ਮਾਰਨ ਦੀ

ਡਿਊਟੀ ਤੋਂ ਨਾਬਰ ਹੋ ਜਾਂਦਾ ਹੈ। ਮੁੱਖੇ ਦਾ ਅਜਿਹਾ ਸਾਹਸਪੂਰਨ ਕਾਰਜ ਜੋਗਿੰਦਰ ਦੀਆਂ ਅੱਖਾ ਵਿੱਚ ਚਮਕ ਭਰਦਾ ਹੈ, ਮਾਣ ਨਾਲ ਛਾਤੀ ਫੁਲਾ ਦਿੰਦਾ ਹੈ ਅਤੇ ਉਸਦੇ ਅੰਦਰ ਮਹਿਕ ਭਰ ਦਿੰਦਾ ਹੈ।

ਇਸ ਦਾ ਵਿਸਥਾਰ ਉਸ ਵੇਲੇ ਹੁੰਦਾ ਜਾਪਦਾ ਹੈ ਜਦੋਂ ਸਿਪਾਹੀ ਜੋਗਿੰਦਰ ਤੇ ਟੁੱਟ ਪਿਆ ਤੇ ਗਲਾਮੇ ਤੋਂ ਫੜ੍ਹ ਲਿਆ ਜਿੱਥੋਂ ਰਾਤੀ ਉਨ੍ਹਾਂ ਅੱਤਵਾਦੀਆਂ ਨੇ ਫੜ੍ਹਿਆ ਸੀ। ਏਨੇ ਨੂੰ ਕੌਤਕ ਇਹ ਹੋਇਆ ਕਿ ਟੌਮੀ ਉਸ ਸਿਪਾਹੀ ਤੇ ਟੁੱਟ ਪਿਆ ਤੇ ਕਾਲਰ ਤੋਂ ਫੜ੍ਹ ਕੇ ਉਹਦੀ ਵਰਦੀ ਲੀਰੋ- ਲੀਰ ਕਰ ਦਿੱਤੀ, ਰਾਈਫਲ ਇੱਕ ਪਾਸੇ ਡਿੱਗ ਪਈ ਤੇ ਉਹ ਚੀਕਾਂ ਮਾਰਦਾ ਪਿੱਛਲੇ ਕਦਮੀ ਪਿੱਛੇ ਵੱਲ ਭੱਜ ਉੱਠੇ ਸਨ। ਇਸੇ ਰੁਮਾਂਚ ਦਾ ਅੱਤ ਅਤੇ ਉਲਾਰੂ ਹਿੰਸਕ ਰੂਪ ਮਾੜਚੂ ਜਿਹੇ ਅੱਤਵਾਦੀ ਮੁੰਡੇ ਵਿੱਚੋਂ ਵੀ ਝਲਕਦਾ ਹੈ ਜਿਹੜਾ ਜੋਗਿੰਦਰ ਨੂੰ ਆਖਦਾ ਹੈ, ਜਦੋਂ ਸਾਡਾ ਹੁਕਮ ਆਂ... ਤੂੰ ਕੁੱਤਾ ਕਿਉਂ ਨਹੀਂ ਮਾਰਿਆ ਉਏ" ਅਤੇ ਸਟੇਨ ਦੀ ਨਾਲੀ ਉਸ ਦੀ ਛਾਤੀ ਨਾਲ ਲਾ ਦਿੰਦਾ ਹੇ। ਇਸ ਗੌਰਵ ਦਾ ਸਕਾਰਕ ਪੱਖ ਖਾੜਕੂਆਂ ਦੇ ਲੀਡਰ ਮੁੰਡੇ ਦੇ ਜੋਗਿੰਦਰ ਪ੍ਰਤੀ ਕੀਤੇ ਵਿਵਹਾਰ 'ਚ ਨਜ਼ਰ ਆਉਦਾ ਹੈ। ਉਹ ਮਾੜਚੂ ਜਿਹੇ ਖਾੜਕੂ ਵੱਲੋਂ ਜੋਗਿੰਦਰ ਦੀ ਛਾਤੀ ਨਾਲ ਲਾਈ ਸਟੇਨਗੰਨ ਓੁਸ ਵੇਲੇ ਪਰ੍ਹੇ ਹਟਾ ਦਿੰਦਾ ਹੈ ਜਿਸ ਵੇਲੇ ਉਸ ਨੂੰ ਪੱਤਾ ਲੱਗਦਾ ਹੈ ਕਿ ਉਹ ਕਬੱਡੀ ਦਾ ਨਾਇਕ 'ਜਿੰਦਾ ਜਾਫੀ ਹੈ:-

> " ਨੌਜਵਾਨ ਦੀਆਂ ਅੱਖਾਂ ਅੱਗੇ ਵਾਰ ਵਾਰ ਖੇਡ ਦੇ ਮੈਦਾਨ ਦਾ ਨਾਇਕ ਜਿੰਦਾ ਜਾਫੀ ਘੁੰਮ ਰਿਹਾ ਸੀ, ਜਿਸ ਵਰਗਾ ਉੱਤਮ ਖਿਡਾਰੀ ਬਣਨਾ ਉਸਦੇ ਬਾਲ ਮਨ ਨੇ ਉਦੋਂ ਕਿਤੇ ਅਚੇਤ ਹੀ ਸੋਚਿਆ ਸੀ। ਫਿਰ ਉਸਦੀ ਇਹ ਰੀਝ ਸਮੇਂ ਦੀ ਧੂੜ ਹੇਠਾਂ ਦੂਰ ਕਿਧਰੇਂ ਡੂੰਘੀ ਥਾਂ 'ਚ ਗੁਆਚ ਗਈ ਸੀ"।[7]

ਕਹਾਣੀ ਦੇ ਅਖੀਰ ਕੁਝ ਦਿਨਾਂ ਬਾਅਦ ਜਦ ਫੇਰ ਰਾਤ ਨੂੰ ਕੁੱਤਾ ਭੌਂਕਦਾ ਹੈ ਤਾਂ ਜੋਗਿੰਦਰ ਸਮਝਦਾ ਹੈ ਕਿ ਫਿਰ ਉਹ ਸਿੰਘ ਆ ਗਏ ਹਨ, ਪਰ ਉਸ ਨੇ ਕੁੱਤੇ ਨੂੰ ਮਾਰਿਆ ਨਹੀਂ। ਉਹ ਬਾਹਰ ਨਿਕਲਦਾ ਮੰਜੇ ਦਾ ਸੇਰੂ ਟੌਮੀ ਦੇ ਮਾਰਦਾ ਹੈ ਨਾਲ ਹੀ ਕੁੱਤਾ ਮਰ ਜਾਂਦਾ ਹੈ। ਬਾਹਰ ਆ ਕੇ ਵੇਖਦਾ ਹੈ ਤਾਂ ਕਣਕ ਦੇ ਖੇਤ ਵਿੱਚ ਜੋ ਖੜਾਕ ਹੋ ਰਿਹਾ ਹੈ ਉਹ ਉਹ ਦੇ ਚਾਚੇ ਦੀ ਖੁੱਲੀ ਮੱਝ ਦਾ ਹੈ। ਕੁੱਤੇ ਨੂੰ ਟੋਇਆ ਕੱਢ ਕੇ ਅਗਲੇ ਦਿਨ ਉਹ ਘਰ ਦੀ ਇੱਕ ਨੁਕਰੇ ਦੱਬ ਦਿੰਦਾ ਹੈ। ਉਸ ਨੂੰ ਇਵੇਂ ਲੱਗਦਾ ਹੈ ਜਿਵੇਂ ਕਿਸੇ ਸੜੇ ਮਾਸ ਦਾ ਉਸਨੂੰ ਮੁਸਕ ਆ ਰਿਹਾ ਹੈ। ਵਰਿਆਮ ਸਿੰਘ ਸੰਧੂ ਨੇ ਕਹਾਣੀ ਮੈਂ ਹੁਣ ਠੀਕ- ਠਾਕ ਹਾਂ , ਵਿੱਚ ਅਨੇਕਾ ਨਿੱਕੇ- ਨਿੱਕੇ ਵੇਰਵਿਆਂ ਦੀ ਬੁਣਤੀ ਰਾਹੀ ਸਿੱਖ ਅਵਚੇਤਨ ਦੇ ਗੌਰਵ ਅਤੇ ਸਥਾਪਤੀ ਦੇ ਅਮਾਨਵੀ ਚਰਿੱਤਰ ਦੇ ਤਣਾਅ ਨੂੰ ਯਥਾਰਥਕ ਦ੍ਰਿਸ਼ਟੀ ਰਾਹੀ ਚਿਤਰਣ ਦਾ ਸਫਲ ਯਤਨ ਕੀਤਾ ਹੈ।

ਇਸ ਤਰ੍ਹਾਂ ਜਟਿਲ ਤੋਂ ਜਟਿਲਤਰ ਹੁੰਦੇ ਗਏ ਪੰਜਾਬ ਸੰਕਟ ਦੌਰਾਨ ਇੱਕ ਪੜਾਅ ਉਹ ਵੀ ਆਇਆ ਜਦੋਂ ਇਹ ਅਹਿਸਾਸ ਤੀਬਰਤਾ ਨਾਲ ਉਭਰਨ ਲੱਗ ਪਿਆ ਕਿ ਸ਼ਾਇਦ ਪੰਜਾਬ ਭਾਰਤ ਵਿੱਚ 1947 ਵਾਲੇ ਦੁਖਾਂਤਕ ਕਾਂਡ ਦਾ ਇਤਿਹਾਸ ਮੁੜ ਦੁਹਰਿਆ ਜਾਣ ਲੱਗਾ ਹੈ। ਇਸ ਸਮੇਂ ਸਥਾਪਤੀ ਦੀ ਬਦਨੀਤ, ਅਤੇ ਅਤਿਵਾਦੀਆਂ ਦੀ 'ਦਨਦਨਾਹਟ' ਦੋਵੇਂ ਹੀ ਆਪਣੇ-ਆਪਣੇ ਸਿੱਖਰ ਉੱਤੇ ਪਹੁੰਚ ਗਏ ਸਨ। ਇਨ੍ਹਾਂ ਦੋਵਾਂ ਸਮਿਆਂ ਦੀਆਂ ਸਥਿਤੀਆਂ ਦੇ ਸਮਾਨਤਾ ਵਾਲੇ ਲੱਛਣਾਂ ਨੂੰ ਆਧਾਰ ਬਣਾ ਕੇ ਵਰਿਆਮ ਸਿੰਘ ਸੰਧੂ ਨੇ ਕਹਾਣੀ 'ਪਰਛਾਵੇ' ਲਿਖੀ। ਇਸ ਕਹਾਣੀ ਦਾ ਉਤਮ ਪੁਰਖੀ ਪਾਤਰ ਵੀ 'ਮੈਂ ਹੁਣ ਠੀਕ- ਠਾਕ ਹਾਂ' ਕਹਾਣੀ ਦੇ ਜੋਗਿੰਦਰ ਵਾਂਗ ਸਥਿਤੀਆਂ ਦੀ ਵਿਕਰਾਲਤਾ ਸਾਹਮਣੇ ਬੇਬੱਸ ਤੇ ਹਾਰਿਆ ਮਹਿਸੂਸ ਕਰਦਾ ਹੈ। ਉਸ ਦਾ ਹਿੰਦੂ ਦੋਸਤ ਜਦ ਦਹਿਸ਼ਤੀ ਮਾਹੌਲ ਤੋਂ ਬਚਨ ਖਾਤਰ ਆਪਣਾ ਜੱਦੀ ਪਿੰਡ ਛੱਡਣ ਬਾਰੇ ਰਾਇ ਪੁੱਛਦਾ ਹੈ:-

> " ਪਰ ਮੈਂ ਕੀ ਆਖਦਾ ? ਇਤਿਹਾਸ ਮੇਰੇ ਕਲਾਵੇ ਵਿੱਚੋਂ ਤਾਂ ਨਿਕਲ ਗਿਆ ਜਾਪਦਾ ਸੀ ਅਤੇ ਆਪਣੀਆਂ ਪੈੜਾਂ ਛੱਡੀ ਜਾ ਰਿਹਾ ਸੀ। ਸੱਜੇ-ਖੱਬੇ ਪਾਸੇ ਉਡਦੀ ਧੂੜ ਨਾਲ ਮੇਰੀਆਂ ਅੱਖਾਂ ਭਰ ਗਈਆਂ ਸਨ।[8]

ਇਸ ਪਾਤਰ ਦੀ ਅਜਿਹੀ ਸੋਚ ਪਿੱਛੇ ਮਾਨਵੀ ਸੰਵੇਦਨਾ ਦੀ ਘਾਟ ਨਹੀਂ ਬਲਕਿ ਭ੍ਰਾਂਤੀਮੁਕਤ ਹੋਣ ਦਾ ਉਹ ਅਹਿਸਾਸ ਹੈ ਜਿਹੜਾ ਆਪਣੇ ਦਾਦੇ ਦੇ ਕੌਲ ਹਾਰ ਜਾਣ ਦੇ ਯਥਾਰਥ ਨੇ ਪੈਦਾ ਕੀਤਾ ਹੈ। ਉਸ ਦੇ ਦਾਦੇ ਨੇ 1947 ਵਿੱਚ ਦੇਸ਼ ਦੀ ਵੰਡ ਵੇਲੇ ਆਪਣੇ ਗੁਆਂਢੀ ਹੁਸੈਨ ਬਖਸ਼ ਨੂੰ ਧਰਵਾਸਾ ਦੇਣ ਲਈ ਆਖਿਆ ਸੀ :-

> "ਹੁਸੈਨ ਬਖਸ਼ਾ! ਦਿਲ ਛੋਟਾ ਨਾ ਕਰ। ਕਮਲਿਆ! ਇਹ ਤਾਂ ਚਾਰ ਕੁ ਦਿਨਾਂ ਦੀ ਖੱਪ ਐ। ਕਦੀ ਕਿਸੇ ਨੇ ਆਪਣੇ ਘਰ ਵੀ ਛੱਡੇ ਨੇ, ਭਲਿਆ ਲੋਕਾ ! ਤੁਸੀਂ ਏਥੇ ਈ ਆਉਣੈ ... ਏਥੇ ਈ ਵਸਣੈ ...।[9]

ਪਰ ਅਸਲ ਵਿੱਚ ਦਾਦੇ ਦੇ ਕੌਲ ਸੱਚ ਨਹੀਂ ਸੀ ਨਿਕਲ ਸਕੇ। ਇਸੇ ਲਈ ਹੁਣ ਉਤਮ ਪੁਰਖੀ ਪਾਤਰ ਸੋਚਦਾ ਹੈ ਪਰ ਮੈਂ ਇਹ ਸਾਰਾ ਕੁਝ ਉਸ ਨੂੰ ਕਿਵੇਂ ਆਖ ਸਕਦਾ ਸਾਂ। ਮੇਰੇ ਵੱਸ ਵਿੱਚ ਹੀ ਕੀ ਸੀ। ਕਾਰਣ ਬੜਾਂ ਸਪਸ਼ਟ ਸੀ ਕਿ ਉਸ ਸਮੇਂ ਵੀ ਭੂਤਰੀ ਹੋਈ ਮੁੰਡੀਰ ਤੇ ਉਸ ਦੇ ਆਗੂ ਬਲਬੀਰ ਸਿੰਘ ਅਟਾਰੀ ਵਾਲੇ ਤੇ ਬਚਨਾ ਪੈਚ ਵਰਗਿਆਂ ਨੇ ਇਤਿਹਾਸ ਨੂੰ ਆਪਣੇ ਵੱਸ ਵਿੱਚ ਕਰ ਲਿਆ ਸੀ ਅਤੇ ਹੁਣ ਵੀ ਇਤਿਹਾਸ ਦਨਦਨਾਉਦੇਂ ਆ ਕੇ ਕਾਰਾ ਕਰ ਕੇ ਤੁਰਦੇ ਬਣਨ, ਵਾਲਿਆਂ ਦੀ ਰਜ਼ਾ ਵਿੱਚ ਚੱਲ ਰਿਹਾ ਹੈ। ਸਥਿਤੀ ਦਾ ਵਿਅੰਗ ਇਹ ਹੈ ਕਿ ਸ਼ਾਮ ਸਿੰਘ ਅਟਾਰੀ ਵਾਲੇ ਨਾਂ ਦੇ ਸਿੱਖ ਯੋਧੇ ਦੇ ਉਪਨਾਮ ਵਾਲਾ ਬਲਬੀਰ ਸਿੰਘ ਇੱਕ ਅਣਮਨੁੱਖੀ ਕਾਰੇ ਰਾਹੀ ਆਪਣੀ 'ਮਰਦਾਨਗੀ' ਵਿਖਾਉਂਦਾ ਹੈ। ਉਹ ਦਰਿੰਦਗੀ ਦਾ ਚਿੰਨ੍ਹ ਬਣਕੇ ਇਤਿਹਾਸ ਉੱਤੇ ਅਜਿਹਾ ਫੈਲਦਾ ਹੈ ਕਿ ਪੰਜਾਬ ਸੰਕਟ ਦੀ ਮੌਜੂਦਾ ਸਥਿਤੀ ਵਿੱਚ ਵੀ ਉਸ ਦਾ 'ਪਰਛਾਵਾਂ' ਪ੍ਰਤੱਖ ਨਜ਼ਰ ਆਉਂਦਾ ਹੈ। ਦੋਵਾਂ ਸਥਿਤੀਆਂ ਵਿੱਚ ਹੀ ਇਹ ਚਿੰਨ ਰੂਪੀ

ਬਲਬੀਰ ਸਿੰਘ ਉਨ੍ਹਾਂ ਅਗਲਿਆਂ ਦਾ ਹੱਥਠੋਕਾ ਬਣ ਕੇ ਕਤਲੇਆਮ ਕਰਦਾ ਹੈ ਜਿਨ੍ਹਾਂ ਬਾਰੇ ਅਬਦੂਲ ਗਨੀ ਆਖਦਾ ਹੈ:-

> " ਕੋਈ ਕਦੋਂ ਅੱਡ ਹੋਣਾ ਚਾਹੁੰਦਾ ਸੀ ਜੀ ... ਬੱਸ ਅਗਲਿਆ ਨੇ ਅੱਡ ਕਰ ਤਾਂ"।[10]

ਰਚਨਾਕਾਰ ਆਪਣੀਆਂ ਪਹਿਲੀਆਂ ਕਹਾਣੀਆਂ ਵਾਂਗ ਇਨ੍ਹਾਂ ਅਗਲਿਆਂ ਦੀ ਨਿਸ਼ਾਨਦੇਹੀ ਹਿੰਦੂ, ਸਿੱਖ, ਮੁਸਲਮਾਨ ਸੰਪਰਦਾਇਕਤਾ ਜਾਂ ਕੇਂਦਰ ਵਿੱਚ ਸੱਤਾਵਾਨ ਸ਼ਕਤੀ ਦੇ ਰੂਪ ਵਿੱਚ ਕਰਕੇ ਵਸਤੂ ਯਥਾਰਥ ਨੂੰ ਸਰਕੀਕ੍ਰਿਤ ਢੰਗ ਨਾਲ ਵੇਖਦਾ ਹੈ ਸਗੋਂ ਇਸ ਦੇ ਉਲਟ ਮੂਲ ਤੱਤ ਦੀ ਖੋਜ ਵਿੱਚ ਡੂੰਘੇਰਾ ਜਾਣਾ ਚਾਹੁੰਦਾ ਹੈ ਇਸ ਲਈ ਉਹ ਸਿੱਕੇ ਦਾ ਦੂਜਾ ਪਾਸਾ ਵੀ ਵੇਖਣਾ ਲੋਚਦਾ ਹੈ। ਇਵੇਂ ਹੀ ਕੁਝ ਸਮਾਂ ਪਹਿਲਾਂ ਜਿਹੜੇ ਉਹ ਬਾਜ਼ਾਰ ਵਿੱਚ ਆ ਕੇ ਲੋਕਾਂ ਨੂੰ ਮਾਰਨ ਦੀ ਥਾਂ ਉਨ੍ਹਾਂ ਦੇ ਰਖਵਾਲੇ ਅਤੇ ਭਰਾ ਹੋਣ ਦਾ ਕੋਲ ਨਿਭਾਅ ਕੇ ਜਾਂਦੇ ਸਨ, ਉਨ੍ਹਾਂ ਵਰਗੇ ਹੀ ਕੁਝ ਹੋਰ ਉਹ ਬਾਜ਼ਾਰ ਵਿੱਚ ਮਨੋਹਰ ਅਤੇ ਉਸਦੇ ਬਾਪ ਵਰਗਿਆਂ ਨੂੰ ਭੁੰਨ ਕੇ ਤੁਰਦੇ ਬਣਦੇ ਹਨ। ਇਉਂ ਕਹਾਣੀ ਆਪਣੇ ਰਚਨਾ ਵਿਵੇਕ ਵਜੋਂ ਇਹ ਪ੍ਰਸ਼ਨ ਉਭਾਰਦੀ ਹੈ ਕਿ ਇਤਿਹਾਸ ਦੇ ਕਿਸੇ ਵਿਸ਼ੇਸ਼ ਪੜਾਅ ਉੱਤੇ ਮੋਹ ਅਤੇ ਨਫਰਤ ਦਾ ਸੰਤੁਲਨ ਕਿਵੇਂ ਡੋਲ ਜਾਂਦਾ ਹੈ। ਕਹਾਣੀਕਾਰ ਇਸ ਨੂੰ ਖੁੱਲਾ ਛੱਡ ਦਿੰਦਾ ਹੈ ਕਿਉਂਕਿ ਮੌਜੂਦਾ ਸਥਿਤੀ ਵਿੱਚ ਜਿੱਥੇ ਸਥਾਪਤੀ ਦੇ ਅਣਗਿਣਤ ਪਰਦਿਆ 'ਚ ਛੁਪੇ ਬੇ ਪਛਾਣ ਚਿਹਰੇ ਦਾ ਸਥੂਲ ਸਰੂਪ ਵੇਖ ਸਕਣਾ ਅਸੰਭਵ ਹੋ ਗਿਆ ਪ੍ਰਤੀਤ ਹੁੰਦਾ ਹੈ ਉੱਥੇ ਮਨੁੱਖੀ ਵਤੀਰੇ ਦੀ ਥਾਹ ਪਾਉਣੀ ਉਸ ਤੋਂ ਵੀ ਕਠਿਨ ਕਾਰਜ ਹੋ ਗਿਆ ਹੈ। ਵਰਿਆਮ ਸੰਧੂ ਦੀ ਇਸ ਕਹਾਣੀ ਦੇ ਅੰਤ ਵਿੱਚ ਪਰੰਪਰਿਕ ਪ੍ਰਗਤੀਵਾਦੀ ਚਿੰਤਨ ਵਾਲਾ ਨਿਸਚਿਤਤਾ ਵਾਦ ਤਲਾਸ਼ਣਾ ਬੇਮਾਆਨਾ ਹੈ।

'ਛੁੱਟੀ' ਕਹਾਣੀ ਵਿੱਚ ਵਰਿਆਮ ਸਿੰਘ ਸੰਧੂ ਨੇ ਇਹ ਦੱਸਣ ਦੀ ਕੋਸ਼ਿਸ਼ ਕੀਤੀ ਹੈ ਕਿ ਵਿਦਿਆਰਥੀ ਵਰਗ ਪੰਜਾਬ ਸੰਕਟ ਦਾ ਸ਼ਿਕਾਰ ਹੋਇਆ। ਅਧਿਆਪਕ ਇਹ ਸਮਝ ਰਹੇ ਹਨ ਕਿ ਸਕੂਲ ਦੇ ਮਰੇ ਪੁਲਿਸ ਮੁਕਾਬਲੇ ਵਿਚਲੇ ਵਿਦਿਆਰਥੀ ਕਰਕੇ ਭੋਗ ਤੱਕ ਤਾਂ ਸਕੂਲ ਨੂੰ ਖਾੜਕੂ ਬੰਦ ਕਰਾਉਣਗੇ ਹੀ ਸਕੂਲ ਵਿੱਚ ਹਫਤਾ ਭਰ ਛੁੱਟੀਆਂ ਰਹਿਣਗੀਆਂ। ਇਸ ਦਾ ਨਾਇਕ ਬਲਦੇਵ ਸਿੰਘ ਮਾਸਟਰ ਹੈ ਜੋ ਸਿਧਾਂਤਵਾਦੀ ਸੀ ਤੇ ਸਮੇਂ ਸਿਰ ਸਕੂਲ ਆਉਣ ਵਾਲਾ ਹੈ। ਉਸ ਦਾ ਆਪਣਾ ਮੁੰਡਾ ਕੁਲਜੀਤ ਵੀ ਪੁਲਿਸ ਮੁਕਾਬਲੇ ਵਿੱਚ ਮਾਰਿਆ ਜਾਂਦਾ ਹੈ।ਹਰ ਮਹੀਨੇ ਕੋਈ ਨਾ ਕੋਈ ਮੁਕਾਬਲਾ ਹੋਇਆ ਰਹਿੰਦਾ ਸੀ। ਉਹਨਾਂ ਦੇ ਭੋਗ ਤਕ ਸਭ ਕਝੁ ਬੰਦ ਕਰਨ ਦੇ ਇਸ਼ਤਿਹਾਰ ਕੰਧਾਂ ਉੱਤੇ ਚਿਪਕਾ ਦਿੱਤੇ ਜਾਂਦੇ। ਬਾਜ਼ਾਰ, ਸਕੂਲ, ਬੈਂਕ ਅਤੇ ਹੋਰ ਸਰਕਾਰੀ ਅਦਾਰੇ ਕਈ- ਕਈ ਦਿਨ ਬੰਦ ਰਹਿੰਦੇ। ਬਲਦੇਵ ਸਿੰਘ ਮੁੰਡਿਆਂ ਨੂੰ ਆਖਦਾ :

> "ਉਏ ਉਪਰਲੇ ਤਾਂ ਅੱਗੇ ਹੀ ਚਾਹੁੰਦੇ ਨੇ ਕਿ ਤੁਸੀਂ ਅਨਪੜ੍ਹ ਰਹੋ,
> ਤੇ ਉਹ ਰਾਜ ਕਰਦੇ ਰਹਿਣ ਮੂਰਖਾਂ ਉੱਤੇ। ਲੁੱਟਦੇ ਰਹਿਣ... ਤੁਸੀ

ਕਿਉਂ ਸਕੂਲਾਂ ਨੂੰ ਬੰਦ ਆਪਣੇ ਮਨਾਂ ਦੇ ਬੂਹੇ ਬੰਦ ਕਰਦੇ ਓ…"।[11]

ਜਦੋਂ ਬੱਚੇ ਪੀ. ਟੀ. ਮਾਸਟਰ ਨੂੰ ਪੁੱਛੇ ਰਹੇ ਸਨ ਕਿ ਕੱਲ੍ਹ ਸਕੂਲ ਲਗੇਗਾ ਤਾਂ ਉਹ ਆਖਣਾ ਤਾਂ ਚਾਹੁੰਦਾ ਸੀ ਕਿ ਕੱਲ੍ਹ ਸਕੂਲ ਲੱਗੇਗਾ ਪਰ ਉਸ ਦੇ ਮੂੰਹੋਂ ਆਵਾਜ਼ ਨਾ ਨਿਕਲ ਸਕੀ। ਇਸ ਪ੍ਰਕਾਰ ' ਨੌ ਬਾਰਾ ਦਸ' ਕਹਾਣੀ ਉਸ ਸ਼੍ਰੇਣੀ ਦੇ ਦੁੱਖ ਦਰਦ ਨੂੰ ਬਿਆਨ ਕਰਦੀ ਹੈ ਜਿਹੜੀ ਪੀੜ੍ਹੀ ਦਰ ਪੀੜ੍ਹੀ ਕਿਸਾਨੀ ਦਾ ਗੁਲੰਮ ਹੰਢਾ ਰਹੀ ਹੈ। ਇਹ ਦਲਿਤ ਵਰਗ ਸੁਪਨੇ ਤਾਂ ਵੱਡੇ ਲੈਂਦਾ ਹੈ, ਕਿਉਂਕਿ ਇਹਨਾਂ ਦੇ ਸੁਪਨਿਆਂ ਪਿੱਛੇ ਵੱਡੇ ਜ਼ਿਮੀਂਦਾਰਾਂ ਦੇ ਲਾਰੇ ਹਨ। ਜਿਨ੍ਹਾਂ ਦੇ ਸਹਾਰੇ ਉਹ ਸਾਰੀ ਉਮਰ ਇਹਨਾਂ ਤੋਂ ਵਗਾਰ ਲੈ ਰਹੇ ਹਨ। ਇਹ ਲੰਮੀ ਕਹਾਣੀ ਹੈ ਤੇ ਬੁਹਤ ਹੀ ਵਿਅੰਗਮਈ ਤੇ ਉਤਸੁਕਤਾ ਭਰਪੂਰ ਹੈ।

ਸਮੁੱਚੇ ਰੂਪ ਵਿੱਚ ਕਿਹਾ ਜਾ ਸਕਦਾ ਹੈ ਕਿ ਪੰਜਾਬ ਸੰਕਟ ਦੇ ਪ੍ਰਸੰਗ ਵਿੱਚ ਭਾਈਆਂ ਵੱਲੋਂ ਭਾਈਆਂ ਨੂੰ ਢਾਹੁੰਣ ਦੇ ਵਰਤਾਰੇ ਦਾ ਮਸਲਾ ਜਿਹੜਾ ਪਹਿਲੀ ਕਹਾਣੀ ਭੱਜੀਆਂ ਬਾਹੀਂ ਵਿੱਚ ਉਠਾਇਆ ਗਿਆ ਸੀ, ਉਹੀ ਮਸਲਾ ਇਸ ਵਿਸ਼ੇ ਨਾਲ ਸਬੰਧਿਤ ਬਾਕੀ ਤਿੰਨ ਕਹਾਣੀਆਂ - ਚੌਥੀ ਕੂਟ, ਮੈਂ ਹੁਣ ਠੀਕ- ਠਾਕ ਹਾਂ, ਅਤੇ 'ਪਰਛਾਵੇਂ' ਵਿੱਚ ਵੀ ਵਿਭਿੰਨ ਰੂਪਾਂ ਵਿੱਚ ਵਿਦਮਾਨ ਨਜ਼ਰ ਆਉਂਦਾ ਹੈ ਸਗੋਂ 'ਭੱਜੀਆਂ ਬਾਹੀ' ਦਾ ਰੂਪਕ ਇੱਕ ਕੁੱਖੋਂ ਜਾਏ ਭਾਈਆਂ ਤੋਂ ਅੱਗੇ ਫੈਲ ਕੇ ਵਿਭਿੰਨ ਸੰਪਰਦਾਇਕ ਵਰਗਾਂ ਅਤੇ ਫੇਰ ਸਮੁੱਚੀ ਮਨੁੱਖ ਜਾਤੀ ਤੱਕ ਜਾ ਪਹੁੰਚਦਾ ਹੈ। ਅਜੋਕੀ ਵਿਵਸਥਾ ਵਿੱਚ ਹਰੇਕ ਮਨੁੱਖ ਆਪਣੀ ਟੁੱਟੀ ਬਾਂਹ ਗਲ ਨਾਲ ਲਟਕਾਈ ਫਿਰਨ ਦਾ ਸੰਤਾਪ ਤਾਂ ਹੰਢਾਉਂਦਾ ਹੈ ਪਰ ਦੁੱਖ ਇਸ ਗੱਲ ਵਿੱਚ ਹੈ ਕਿ ਹੁਣ ਬਾਂਹ ਭੰਨਣ ਵਾਲੀ ਧਿਰ ਦਾ ਸੂਖਮ ਸਰੂਪ ਉਸ ਦੀ ਪ੍ਰਤੱਖਣੀ ਸ਼ਕਤੀ ਰਾਹੀ ਗ੍ਰਹਿਣ ਯੋਗ ਨਹੀਂ ਰਿਹਾ।

# ਹਵਾਲੇ ਅਤੇ ਟਿੱਪਣੀਆਂ

1. ਵਰਿਆਮ ਸਿੰਘ ਸੰਧੂ, ਚੌਥੀ ਕੂਟ, ਸੰਗਮ ਪਬਲੀਕੇਸ਼ਨਜ਼, ਸਮਾਣਾ, ਪੰਨਾ-13

2. ਉਹੀ, ਪੰਨਾ-14

3. ਉਹੀ, ਪੰਨਾ-12

4. ਉਹੀ, ਪੰਨਾ-10

5. ਉਹੀ, ਪੰਨਾ-23

6. ਉਹੀ, ਪੰਨਾ-48

7. ਡਾ. ਬਲਦੇਵ ਸਿੰਘ ਧਾਲੀਵਾਲ , ਵਰਿਆਮ ਸਿੰਘ ਸੰਧੂ ਦੀ ਕਹਾਣੀ ਸਰੂਪ ਅਤੇ ਵਿਵੇਕ, ਪੰਨਾ-112

8. ਉਹੀ, ਪੰਨਾ-34

9. ਡਾ. ਬਲਦੇਵ ਸਿੰਘ ਧਾਲੀਵਾਲ , ਵਰਿਆਮ ਸਿੰਘ ਸੰਧੂ ਦੀ ਕਹਾਣੀ ਸਰੂਪ ਅਤੇ ਵਿਵੇਕ, ਪੰਨਾ-26

10. ਉਹੀ, ਪੰਨਾ-56

11. ਉਹੀ, ਪੰਨਾ-86

# ਅਧਿਆਇ ਚੌਥਾ

# ਵਰਿਆਮ ਸਿੰਘ ਸੰਧੂ ਦੀਆਂ ਕਹਾਣੀਆਂ ਦਾ ਕਲਾਤਮਕ ਪੱਖ

ਕਹਾਣੀ ਦੀ ਕੋਈ ਵੀ ਪਰਿਭਾਸ਼ਾ ਅਜਿਹੀ ਨਹੀਂ ਜਿਹੜੀ ਉਸ ਦੇ ਰੂਪ ਬਾਰੇ ਸਹੀ ਜਾਣਕਾਰੀ ਦਿੰਦੀ ਹੋਵੇ। ਅਸਲ ਵਿਚ ਵੱਖ-ਵੱਖ ਆਲੋਚਕਾਂ ਨੇ ਕਹਾਣੀ ਦੇ ਆਕਾਰ ਤੇ ਉਸ ਨੂੰ ਪੜ੍ਹਨ ਵਿਚ ਲੱਗਣ ਵਾਲੇ ਸਮੇਂ ਬਾਰੇ ਹੀ ਆਪਣੇ ਮੱਤਾਂ ਦਾ ਪ੍ਰਗਟਾ ਕੀਤਾ ਹੈ। ਕਹਾਣੀ ਦੀ ਕੋਈ ਪੂਰਨ ਪਰਿਭਾਸ਼ਾ ਇਸ ਕਰਕੇ ਵੀ ਸੰਭਵ ਨਹੀਂ ਕਿਉਂਕਿ ਇਸ ਦਾ ਸਰੂਪ ਆਏ ਦਿਨ ਬਦਲਦਾ ਜਾ ਰਿਹਾ ਹੈ ਤਾਂ ਵੀ ਕੁਝ ਚਿੰਤਕਾਂ ਨੇ ਕਹਾਣੀ ਦੀ ਪਰਿਭਾਸ਼ਾ ਨਿਸ਼ਚਿਤ ਕਰਨ ਦੀ ਕੋਸ਼ਿਸ਼ ਕੀਤੀ ਹੈ। “ਹਡਸਨ ਤੇ ਏਡਗਰ ਏਲਨ ਨਿੱਕੀ ਕਹਾਣੀ ਨੂੰ ਇੱਕੋ ਬੈਠਕ ਵਿਚ ਪੜ੍ਹੀ ਜਾ ਸਕਣ ਵਾਲੀ ਰਚਨਾ ਆਖਦੇ ਹਨ”।[1]

ਏਲਰੀ ਕਹਾਣੀ ਨੂੰ ਘੋੜ ਦੌੜ ਵਾਂਗ ਸਮਝਦਾ ਹੈ ਤੇ ਕੋਈ ਕਹਾਣੀ ਨੂੰ ਨਾਵਲ ਦਾ ਸੰਖੇਪ ਆਖਦਾ ਹੈ ਤੇ ਕੋਈ ਇਕ ਸਟੇਸ਼ਨ ਤੋਂ ਦੂਜੇ ਸਟੇਸ਼ਨ ਤੱਕ ਦੀ ਯਾਤਰਾ ਪਰ ਇਹਨਾਂ ਵਿਚੋਂ ਕੋਈ ਵੀ ਪਰਿਭਾਸ਼ਾ ਨਿੱਕੀ ਕਹਾਣੀ ਦੇ ਸਰੂਪ ਨੂੰ ਨਹੀਂ ਪੇਸ਼ ਕਰ ਸਕੀ ਸਗੋਂ ਇਹ ਤਾਂ ਗਲਪ ਸਾਹਿਤ ਦੀ ਇਕ ਅਜਿਹੀ ਵੰਨਗੀ ਹੈ ਜਿਸ ਦਾ ਆਕਾਰ ਉਨ੍ਹਾਂ ਹੀ ਹੋਣਾ ਚਾਹੀਦਾ ਹੈ ਜਿੰਨੇ ਦੀ ਉਸ ਵਿਚਲੀ ਘਟਨਾ ਅਧਿਕਾਰੀ ਹੋਵੇ, ਜਿੰਨੇ ਦੀ ਘਟਨਾ ਦੇ ਵੇਰਵੇ ਮੰਗ ਕਰਦੇ ਹੋਣ”।[2]

"ਨਾਵਲ ਨਿੱਕੀ ਕਹਾਣੀ ਤੇ ਲੰਮੀ ਕਹਾਣੀ ਗਲਪ ਸਾਹਿਤ ਦੇ ਅਜਿਹੇ ਰੂਪ ਹਨ ਜਿਹੜੇ ਯਥਾਰਥ ਦਾ ਸਾਹਿਤਕ ਰੂਪ ਮੂਰਤੀਮਾਨ ਕਰਦੇ ਹਨ ਪਰ ਇਹ ਤਿੰਨੇ ਰੂਪ ਆਪੋ- ਆਪਣੀ ਰੂਪ ਰਚਨਾ ਕਾਰਨ ਇਕ ਦੂਜੇ ਤੋਂ ਵੱਖ ਹੋਂਦ ਰੱਖਦੇ ਹਨ। ਨਿੱਕੀ ਕਹਾਣੀ ਦਾ ਸੁਭਾਅ ਇਸ ਦੇ ਛੋਟੇ ਆਕਾਰ ਜਾਂ ਨੱਕ ਦੀ ਸੇਧ ਉੱਤੇ ਤੁਰੇ ਜਾਣ ਵਿਚ ਨਿਸ਼ਚਿਤ ਨਹੀਂ ਸਗੋਂ ਇਸ ਸੰਬੰਧੀ ਕਹਾਣੀ ਦੇ ਲੱਛਣਾਂ ਦੀ ਜਾਣਕਾਰੀ ਜ਼ਰੂਰੀ ਹੈ ਜਿਹੜੇ ਇਸ ਨੂੰ ਦੂਜੀਆਂ ਸਾਹਿਤ ਵਿਧਾਵਾਂ ਨਾਲੋਂ ਵੱਖਰਾ ਰੂਪ ਪ੍ਰਦਾਨ ਕਰਦੇ ਹਨ। ਆਧੁਨਿਕ ਕਹਾਣੀ ਦਾ ਆਪਣੇ ਵਿਰਸੇ ਨਾਲੋਂ ਨਿਖੇੜ ਤੱਤਾ ਦੀ ਅਣਹੋਂਦ ਵਿਚ ਨਹੀਂ ਸਗੋਂ ਇਨ੍ਹਾਂ ਦੇ ਸੁਭਾਅ ਤੇ ਪੇਸ਼ਕਾਰੀ ਦੀਆਂ ਵਿਧੀਆਂ ਵਿੱਚ ਹੈ।[3] ਆਧੁਨਿਕ ਕਹਾਣੀ ਦੀ ਵਿਲੱਖਣਤਾ ਹੈ ਕਿ ਇਹ ਸਾਧਾਰਨ ਪਾਤਰਾਂ ਦੇ ਮਨ ਦੀ ਅਵਸਥਾ ਨੂੰ ਰੂਪਮਾਨ ਕਰਦੀ ਹੈ।

"ਨਵੀਂ ਆਧਨਿਕ ਕਹਾਣੀ ਲੇਖਕ ਕੇਂਦਰਿਤ ਨਹੀਂ, ਪਾਠਕ ਕੇਂਦਰਿਤ ਹੈ। ਕਹਾਣੀ ਪੜ੍ਹ ਕੇ ਉਸ ਦੇ ਅਰਥ ਪਾਠਕ ਨੂੰ ਸਮਝਣੇ ਪੈਂਦੇ ਹਨ। ਕਹਾਣੀ ਤਾਂ ਇਕ ਕੇਂਦਰੀ ਘਟਨਾ ਦੇ ਵਿਭਿੰਨ ਪੱਖਾਂ ਪਾਸਾਰਾਂ ਦਾ ਯਥਾਰਥ ਮੂਰਤੀਮਾਨ ਕਰਦੀ ਤੁਰੀ ਜਾਂਦੀ ਹੈ ਅਤੇ ਇਉਂ ਹੀ ਖਤਮ ਹੋ ਜਾਂਦੀ ਹੈ ਨਾ ਉਸਦਾ ਝਟਪਟਾ ਆਰੰਭ ਹੈ ਅਤੇ ਨਾ ਹੀ ਨਾਟਕੀ ਅੰਤ"।[4]

ਨਵੀਂ ਆਧੁਨਿਕ ਕਹਾਣੀ, ਖਾਸ ਕਰ ਲੰਮੀ ਕਹਾਣੀ ਦੀ ਚਾਲ ਜੀਵਨ ਦੀ ਮੱਠੀ ਤੋਰ ਦੀ ਤਰ੍ਹਾਂ ਸਹਿਜ ਹੁੰਦੀ ਹੈ। ਉਹ ਘੋੜੇ ਵਾਂਗ ਸਰਪਟ ਨਹੀਂ ਦੌੜਦੀ ਤੇ ਨਾ ਹੀ ਉਸ ਦੀ ਕਿਤੇ ਪੁੱਜਣ ਦੀ ਕਾਹਲ ਹੁੰਦੀ ਹੈ। ਉਹ ਤਾਂ ਆਸੇ ਪਾਸੇ ਦੇਖਦੀ ਹੈ ਤੇ ਕੇਂਦਰੀ ਸਥਿਤੀ ਤੇ ਅਸਰ ਅੰਦਾਜ਼ ਹੋਣ ਵਾਲੀਆ ਵਿਭਿੰਨ ਪਰਤਾਂ ਨੂੰ ਆਪਣੇ ਕਲਾਵੇ ਵਿਚ ਲੈਂਦੀ ਤੁਰੀ ਜਾਂਦੀ ਹੈ। ਅਜਿਹੀਆਂ ਕਹਾਣੀਆਂ ਦਾ ਪ੍ਰਯੋਜਨ ਘਟਨਾ ਵਿਚਲੀ ਗੱਲ ਦੇ ਚਮਤਕਾਰ ਦੀ ਬਜਾਏ ਘਟਨਾ ਦੇ ਸਮੁੱਚੇ ਯਥਾਰਥ ਨੂੰ ਉਜਾਗਰ ਕਰਨ ਵਾਲਾਂ ਹੂੰਦਾ ਹੈ"।[5]

ਵਰਿਆਮ ਸਿੰਘ ਸੰਧੂ ਪੰਜਾਬੀ ਦਾ ਪਹਿਲਾ ਕਹਾਣੀਕਾਰ ਹੈ ਜਿਸਨੇ ਪੰਜਾਬ ਸੰਕਟ ਅਤੇ ਪੰਜਾਬੀ ਕਿਰਸਾਨੀ ਦੇ ਯਥਾਰਥ ਦੀ ਪੇਸ਼ਕਾਰੀ ਇੱਕ ਲੰਮੀ ਕਹਾਣੀ ਦੇ ਰੂਪ ਵਿੱਚ ਕੀਤੀ ਹੈ। ਕਹਾਣੀ ਦੀ ਇਸ ਵਿਧਾ ਉੱਤੇ ਪਹਿਲਾ ਭਾਵੇਂ ਨਾਵਲੀ ਜਾਂ ਨਾਵਲਿਟ ਕਹਾਣੀਆਂ ਵਰਗਾ ਹੋਣ ਦਾ ਦੋਸ਼ ਲੱਗਦਾ ਰਿਹਾ ਹੈ ਪਰ ਹੁਣ ਇਸ ਵਿਧਾ ਨੂੰ ਕਹਾਣੀ ਦੇ ਖੇਤਰ ਵਿੱਚ ਇੱਕ ਸੁੰਤਤਰ ਵਿਧਾ ਦੇ ਰੂਪ ਵਿੱਚ ਪ੍ਰਵਾਨ ਕਰ ਲਿਆ ਗਿਆ ਹੈ। ਕਹਾਣੀ ਦੇ ਖੇਤਰ ਵਿੱਚ ਵਰਿਆਮ ਸਿੰਘ ਸੰਧੂ ਤੋਂ ਪਹਿਲਾ ਲੰਮੀ ਕਹਾਣੀ ਬਹੁਤ ਘੱਟ ਲੇਖਕਾ ਦੁਆਰਾ ਲਿਖੀ ਮਿਲਦੀ ਹੈ। ਸੰਤ ਸਿੰਘ ਸੇਖੋ ਤੇ ਗੁਰਦਿਆਲ ਸਿੰਘ ਵਰਗੇ ਕਹਾਣੀਕਾਰਾਂ ਦੀ ਕੋਈ ਇੱਕ ਅੱਧੀ ਕਹਾਣੀ ਹੈ ਇਸ ਲਈ ਇਹ ਗੱਲ ਕਹਿਣਾ ਗਲਤ ਨਹੀਂ ਹੋਵੇਗਾ ਕਿ ਕਹਾਣੀ ਦਾ ਇਹ ਰੂਪ ਆਰੰਭ ਕਰਨ ਵਾਲਾ ਜਿਥੇ ਸੰਧੂ ਹੀ ਹੈ ਉਥੇ ਇਸ ਨੂੰ ਆਪਣੇ ਮੁਕਾਮ ਤੇ ਪਹੁੰਚਾਉਣ ਵਾਲਾ ਵੀ ਉਹ ਆਪ ਹੀ ਹੈ।

ਭਾਵੇਂ ਉਸ ਦੇ ਸਮਕਾਲੀ ਜਿਵੇਂ:- ਪ੍ਰੇਮ ਪ੍ਰਕਾਸ਼, ਗੁਰਪਾਲ , ਮੋਹਨ ਭੰਡਾਰੀ, ਅਤਰਜੀਤ, ਕਿਰਪਾਲ ਕਜ਼ਾਕ ਆਦਿ ਨੇ ਵੀ ਕਹਾਣੀ ਦੇ ਇਸ ਰੂਪ ਉੱਤੇ ਆਪਣੀ ਕਲਮ ਅਜ਼ਮਾਈ ਹੈ ਪਰ ਸੰਧੂ ਜਿੰਨੇ ਸਫਲ ਨਹੀਂ ਹੋ ਸਕੇ। ਭਾਵੇਂ ਵਰਿਆਮ ਸੰਧੂ ਦੀ ਪਛਾਣ ਲੰਮੀ ਕਹਾਣੀ ਲਿਖਣ ਵਾਲੇ ਕਹਾਣੀਕਾਰ ਦੇ ਤੌਰ ਤੇ ਪੱਕੀ ਹੋ ਚੁੱਕੀ ਹੈ ਪਰ ਵਰਿਆਮ ਸੰਧੂ ਨੇ ਛੋਟੇ ਆਕਾਰ ਦੀਆਂ ਕਹਾਣੀਆਂ ਵੀ ਲਿਖੀਆਂ ਹਨ ਪਰ ਸੰਧੂ ਨੇ ਲੰਮੀ ਕਹਾਣੀ ਨੂੰ ਜਿਸ ਕਿਸਮ ਦੀ ਸੁਗਠਿਤ ਸਰੰਚਨਾ ਦਿੱਤੀ ਹੈ ਉਸ ਕਰਕੇ ਉਸਦੀ ਵਿੱਲਖਣਤਾ ਉਜਾਗਰ ਹੁੰਦੀ ਹੈ ਇਸ ਸਰੰਚਨਾ ਬਾਰੇ ਡਾ. ਰਘਬੀਰ ਸਿੰਘ ਦਾ ਕਥਨ ਹੈ:-

> " ਵਰਿਆਮ ਸਿੰਘ ਸੰਧੂ ਉਸ ਰੂੜ੍ਹੀ ਦਾ ਪਾਲਣ ਨਹੀਂ ਕਰਦਾ ਜਿਸ ਅਨੁਸਾਰ ਕਹਾਣੀ ਵਿੱਚ ਪਿਆਰ ਤੇ ਰੁਮਾਂਸ ਦਾ ਛੱਟਾ ਦੇਣਾ ਜ਼ਰੂਰੀ ਸਮਝਿਆ ਜਾਂਦਾ ਹੈ। ਉਹ ਇਸ ਧਾਰਨਾ ਨੂੰ ਵੀ ਰੱਦ ਕਰਦਾ ਹੈ ਕਿ ਕਹਾਣੀ ਇਕ ਸੀਮਿਤ ਜਿਹੇ ਆਕਾਰ ਦੀ ਰਚਨਾ ਹੁੰਦੀ ਹੈ, ਜਿਸ ਵਿੱਚ ਕਿਸੇ ਪਾਤਰ ਜਾਂ ਘਟਨਾ ਦਾ ਇਕਹਿਰਾ ਵਰਣਨ ਹੁੰਦਾ ਹੈ, ਜੋ ਝਟਪਟੇ ਆਰੰਭ ਸਹਿਤ ਤੇਜ਼ੀ ਨਾਲ ਆਪਣੇ ਸਿਖਰ ਨੂੰ ਪਹੁੰਚਦੀ ਹੈ। ਨਿੱਕੀ ਜਾਂ ਲੰਮੀ ਕਹਾਣੀ ਵਰਗੀਆਂ ਧਾਰਨਾਵਾਂ ਵੀ ਵਰਿਆਮ ਦੀ ਕਥਾ ਰਚਨਾ ਦੇ ਸੰਦਰਭ ਵਿੱਚ ਅਰਥਹੀਣ ਹੋ ਕੇ ਰਹਿ ਜਾਂਦੀਆਂ ਹਨ। ਉਸਦੀ ਕਹਾਣੀ ਨਿੱਕੀ ਜਾਂ ਲੰਮੀ ਨਹੀਂ, ਕੇਵਲ ਕਹਾਣੀ ਹੈ, ਇਕ ਕਲਾਤਮਕ ਕਥਾ ਰਚਨਾ, ਯਥਾਰਥ ਦਾ ਸਹਿਜ ਪਰ ਕਲਾਤਮਕ ਚਿਤਰਨ ਹੀ ਜਿਸਦਾ ਇਕੋ ਇਕ ਮਾਪਦੰਡ ਹੈ"।[6]

ਵਰਿਆਮ ਸਿੰਘ ਸੰਧੂ ਨੇ ਆਪਣੇ ਪਹਿਲੇ ਕਹਾਣੀ ਸੰਗ੍ਰਹਿ 'ਲੋਹੇ ਦੇ ਹੱਥ' ਵਿੱਚ ਵੀ ਦੁਖਾਂਤ ਦਾ ਸਫਰ, ਅੱਖਾ ਵਿੱਚ ਮਰ ਗਈ ਖੁਸ਼ੀ ਵਰਗੀਆਂ ਲੰਮੀਆਂ ਕਹਾਣੀਆਂ ਲਿਖੀਆਂ ਪਰ ਆਪਣੇ ਦੂਜੇ ਤੇ ਤੀਜੇ ਕਹਾਣੀ ਸੰਗ੍ਰਹਿ ਅੰਗ- ਸੰਗ ਤੇ ਭੱਜੀਆਂ ਬਾਹੀਂ ਵਿੱਚ ਵੀ ਕਹਾਣੀ ਦੇ ਇਸ ਰੂਪ ਉੱਤੇ ਆਪਣੀ ਪਕੜ ਹੋਣ ਦਾ ਯਕੀਨ ਦਵਾਇਆ ਹੈ। ਇਸ ਲਈ ਸਭ ਤੋਂ ਪਹਿਲੀ ਗੱਲ ਜਿਹੜੀ ਇਸ ਲੰਮੇ ਬਿਰਤਾਂਤ ਵਾਲੀ ਕਹਾਣੀ ਦੀ ਰੂਪ ਰਚਨਾ ਬਾਰੇ ਕਹਿਣੀ ਬਣਦੀ ਹੈ ਜਿਵੇਂ 'ਵਾਪਸੀ' ਕਹਾਣੀ ਦੋ ਵੱਖ-ਵੱਖ ਸਥਿਤੀਆਂ ਦੀ ਪੇਸ਼ਕਾਰੀ ਨਾਲ ਸਬੰਧਿਤ ਨਜ਼ਰ ਆਉਂਦੀ ਹੈ। ਇਕ ਸਥਿਤੀ ਜਗਤ ਦੇ ਮੋਹ ਅਤੇ ਝਮੇਲਿਆਂ ਤੋਂ ਵੱਖ ਹੋ ਕੇ, ਰੱਬ ਨਾਲ ਜੁੜਨ ਦੀ ਹੈ ਤੇ ਦੂਜੀ ਨਕਸਲਬਾੜੀ ਲਹਿਰ ਨਾਲ ਸੰਬੰਧਿਤ ਹੈ ਜੋ ਵਿਅਕਤੀਗਤ ਕਤਲਾਂ ਦੇ ਅੰਨ੍ਹੇ ਵਿਸ਼ਵਾਸ਼ ਰਾਹੀਂ ਹੀ ਸਮਾਜਵਾਦ ਦੀ ਸਿਰਜਣਾ ਕਰਨੀ ਲੋਚਦੇ ਹਨ ਪਰ ਵੱਖ- ਵੱਖ ਹੁੰਦਿਆਂ ਵੀ ਇਹ ਸਥਿਤੀਆਂ ਇਕ ਦੂਜੀ ਨਾਲ ਸਹਿ ਸੰਬੰਧਿਤ ਹਨ। ਇਸ ਰਚਨਾ ਨੂਮ ਕੋਈ ਗੱਲ ਸਿਧਾਂਤਿਕ ਵੇਰਵਿਆਂ ਤੋਂ ਅੱਗੇ ਲਿਜਾਕੇ ਕਹਾਣੀ ਬਣਾਉਦੀ ਹੈ ਤਾਂ ਉਹ ਇਹ ਕਿ ਦੂਜੀ ਸਥਿਤੀ ਪਹਿਲੀ ਸਥਿਤੀ

ਨਾਲ ਬੜੀ ਗੂੜ੍ਹੀ ਤਰ੍ਹਾਂ ਜੁੜੀ ਹੋਏ ਹੈ। ਇਸ ਤਰ੍ਹਾਂ ਸਿਧਾਂਤਿਕ ਬਹਿਸ ਜੀਵਨ ਵੇਰਵਿਆਂ ਨਾਲ ਜੁੜਕੇ ਗਲਪ ਬਿੰਬ ਤੋਂ ਥਿੜਕਦੀ ਨਹੀਂ ਨਾ ਹੀ ਖਿੰਡਾਅ ਪੈਦਾ ਕਰਦੀ ਹੈ।

> " ਤੇ ਹੁਣ ਅਸੀਂ ਸੂਰਜ ਚੜ੍ਹਨ ਦੀ ਉਡੀਕ ਕਰਦੇ ਹਾਂ, ਉਹ ਚੜ੍ਹਨ ਵਿੱਚ ਨਹੀਂ ਆਉਂਦਾ। ਚਾਰ ਚੁਫੇਰੇ ਗੂੜ੍ਹੀ ਕਾਲੀ ਹਨੇਰੀ ਰਾਤ ਪਸਰੀ ਹੋਈ ਹੈ। ਇਸ ਵਿਚ ਇਕੱਲੀਆਂ ਦੁਕੱਲੀਆਂ ਬੈਟਰੀਆਂ ਕੀ ਕਰਨਗੀਆਂ?"।[7]

ਵਰਿਆਮ ਸਿੰਘ ਸੰਧੂ ਕਹਾਣੀ ਨੂੰ ਬੜੇ ਸਹਿਜ ਤੇ ਠਰ੍ਹੰਮੇ ਨਾਲ ਬਿਆਨ ਕਰਦਾ ਹੈ। ਸੰਧੂ ਕਿਸੇ ਵੀ ਮੰਜ਼ਿਲ ਵੱਲ ਜਾਣ ਲਈ ਦੌੜਦਾ ਨਹੀਂ ਸਗੋਂ ਆਪਣੇ ਆਸ-ਪਾਸ ਦੇਖਕੇ ਚੱਲਦਾ ਹੋਇਆ ਕੇਂਦਰੀ ਸਥਿਤੀ ਨੂੰ ਗੂੜ੍ਹਾ ਕਰਦਾ ਅੱਗੇ ਵੱਧਦਾ ਜਾਂਦਾ ਹੈ। ਉਹ ਕਈ ਕਹਣੀਆਂ ਵਿੱਚ ਕੇਂਦਰੀ ਸਥਿਤੀ ਦੀ ਖਬਰ ਮੁੱਢ ਵਿੱਚ ਹੀ ਦੇ ਦਿੰਦਾ ਹੈ ਤੇ ਕਈ ਵਾਰ ਕਹਾਣੀਆਂ ਵਿੱਚ ਜੁਗਤਾਂ ਦੀ ਵਰਤੋਂ ਕਰਕੇ ਪਹਿਲਾ ਉਸਦਾ ਪਹਿਲਾ ਅੱਧ ਪੇਸ਼ ਕਰਦਾ ਹੈ ਤੇ ਫਿਰ ਅੰਤ। ਇਸ ਪ੍ਰਕਾਰ ਜਿਨ੍ਹਾਂ ਕਹਾਣੀਆਂ ਵਿੱਚ ਉਹ ਸਥਿਤੀ ਦੀ ਜਾਣਕਾਰੀ ਮੁੱਢ ਵਿਚ ਹੀ ਦੇ ਦਿੰਦਾ ਹੈ, ਜਿਵੇਂ ਆਪਣਾ-ਆਪਣਾ ਹਿੱਸਾ, ਭੱਜੀਆਂ ਬਾਹੀ, ਡੰਮ੍ਹ, ਚੌਥੀ ਕੂਟ, ਵਿਚਲਾ ਡਰ ਤੇ ਸਹਿਮ ਦਾ ਵਾਤਾਵਰਨ, ਪਰਛਾਵੇਂ ਵਿੱਚਲਾ ਬੱਚੀ ਦਾ ਦਾਦੀ ਨੂੰ ਕੀਤਾ ਸਵਾਲ ਆਦਿ, ਉਹਨਾਂ ਕਹਾਣੀਆਂ ਵਿੱਚ ਕਲਾਤਮਕ ਪੱਖਾਂ ਨੂੰ ਪੇਸ਼ ਕਰਦੇ ਹਨ ਤੇ ਪਾਠਕ ਕੇਂਦਰੀ ਸਥਿਤੀ ਦੇ ਇਨ੍ਹਾਂ ਪਾਸਾਰਾ ਨਾਲ ਪੇਸ਼ ਕਹਾਣੀਆਂ ਦੇ ਨਾਲ- ਨਾਲ ਤੁਰਦਾ ਰਹਿੰਦਾ ਹੈ।

ਵਾਪਸੀ, ਤਾਰ ਉੱਤੇ ਤੁਰਦਾ ਆਦਮੀ ਕਹਾਣੀਆ ਵਿੱਚ ਬੂਮਰਿੰਗ ਜੁਗਤ ਦੀ ਵਰਤੋਂ ਕੀਤੀ ਮਿਲਦੀ ਹੈ। ਇਸ ਲਈ ਕੁਝ ਨਾ ਕੁਝ ਨਵਾਂ ਜਾਣਨ ਦੀ ਚਾਹ ਬਣੀ ਰਹਿੰਦੀ ਹੈ। ਇਹ ਕਹਾਣੀਆਂ ਅੱਧ ਵਿਚੋਂ ਸੁਰੂ ਹੋ ਕੇ ਪਹਿਲਾ ਪਿੱਛੇ ਮੁੜਦੀਆਂ ਹਨ ਤੇ ਫੇਰ ਅੱਗੇ ਤੁਰਦੀਆਂ ਹਨ। ਵਾਪਸੀ ਕਹਾਣੀ ਦੇ ਆਰੰਭ ਵਿਚ ਜਿਵੇਂ-

> " ਕਰਮ ਕੌਰ ਨੇ ਇਹ ਕੀ ਕੀਤਾ? ਅੁਸਦੇ ਸਾਂਤ ਮਨ ਵਿਚ ਪੱਥਰ ਸੁੱਟ ਕੇ ਤੁਰ ਗਈ ਸੀ ਤੇ ਮਨ ਦਾ ਪਾਣੀ ਹੁਣ ਟਿਕਣ ਵਿਚ ਹੀ ਨਹੀਂ ਸੀ ਆਉਂਦਾ। ਲਹਿਰਾਂ ਉਠਦੀਆਂ ਸਨ ਤੇ ਉਸਦੇ ਕੱਚੇ ਕੰਢੇ ਖੋਰ ਖੋਰ ਸੁਟੀ ਜਾਂਦੀਆਂ ਸਨ। ਲਹਿਰਾਂ ਦੇ ਤਲ ਤੇ ਕਰਮ ਕੌਰ ਦੇ ਸਾਉਲੇ ਤੇ ਜਵਾਨ ਪੀਡੇ ਚਿਹਰੇ ਦੇ ਨਕਸ਼ ਡਿਕੋ ਡੋਲੇ ਖਾਂਦੇ ਇਕ ਦੂਜੇ ਵਿਚ ਉਲਝਦੇ, ਤੇ ਮਿਟਦੇ ਉੱਭਰਦੇ ਲਿਸ਼ਕ ਰਹੇ ਸਨ"।[8]

ਵਰਿਆਮ ਸਿੰਘ ਸੰਧੂ ਦੀਆਂ ਕਹਾਣੀਆਂ ਦੇ ਪਾਤਰ ਪੇਂਡੂ ਜੀਵਨ ਨਾਲ ਸੰਬੰਧ ਰੱਖਦੇ ਹਨ। ਸੰਧੂ ਦੀਆਂ ਕਹਾਣੀਆ ਦੇ ਕਲਾਤਮਕ ਪੱਖ ਤੋਂ ਬਿਨ੍ਹਾਂ ਇਕ ਹੋਰ ਪੱਖ ਇਹ ਹੈ ਕਿ ਉਹ ਆਪਣੇ ਪਾਤਰਾਂ, ਭਾਵੇਂ ਉਹ ਛੋਟੀ ਕਿਸਾਨੀ ਵਰਗ

ਦੇ ਅਧਿਕਾਰਹੀਣ ਪਾਤਰ ਹੋਣ ਜਾ ਬਲਵਾਨ ਪਾਤਰ ਆਦਿ ਦੇ ਆਰਥਿਕ ਦੁਖੜਿਆਂ ਨੂੰ ਕੁਰਣਾਮਈ ਰੂਪ ਵਿਚ ਬਿਆਨ ਕਰਦਾ ਹੈ। ਸੰਧੂ ਕਿਸਾਨ ਪਾਤਰਾ ਨੂੰ ਯੋਧੇ, ਸੂਰਬੀਰ, ਅੰਨਦਾਤਾ ਨਹੀਂ ਆਖਦਾ ਹੈ ਉਹ ਨਕਸਲਵਾਦੀ ਲਹਿਰ ਦੇ ਪਾਤਰਾਂ ਨੂੰ ਵੀ ਨਇਕ ਵਜੋਂ ਨਹੀਂ ਚਿਤਰਦਾ ਸਗੋਂ ਰੁਮਾਂਟਿਕ ਬਿਰਤੀ ਰਾਹੀਂ ਵਾਸਤਵਿਕ ਯਥਾਰਥ ਨੂੰ ਵਿਭਿੰਨ ਪੱਖਾਂ ਰਾਹੀਂ ਪੇਸ਼ ਕਰਦਾ ਹੈ। ਕਹਾਣੀ ਸੰਗ੍ਰਹਿ 'ਚੌਥੀ ਕੂਟ' ਵਿਚਾਰਿਆ ਜਾਵੇ ਤਾਂ ਇਹ ਗੱਲ ਸਪਸ਼ਟ ਸਾਹਮਣੇ ਆਉਂਦਾ ਹੈ ਕਿ ਪਾਤਰ ਆਪਣੇ ਆਰਥਿਕ ਪੱਧਰ ਉੱਤੇ ਉੱਚੇ, ਨੀਵੇਂ ਨਹੀਂ ਹੁੰਦੇ ਸਗੋਂ ਉਨ੍ਹਾਂ ਦਾ ਨੀਵਾਂਪਨ ਉਨ੍ਹਾਂ ਦੇ ਕਿਰਦਾਰ ਵਿੱਚ ਲੁਕਿਆ ਹੁੰਦਾ ਹੈ। ਅਧਿਕਾਰ ਸ਼ੀਲ ਕਹਾਣੀਆਂ ਦੇ ਪਾਤਰ ਅਧਿਕਾਰਹੀਣ ਸ੍ਰੇਣੀ ਦੇ ਪਾਤਰਾਂ ਦੇ ਮਨ ਵਿਚ ਕਈ ਪ੍ਰਕਾਰ ਦੀਆਂ ਸਭਿਆਚਾਰਕ ਉਲਝਣਾ ਪਾ ਕੇ ਜਿਉਂਦੇ ਹਨ ਜਿਹਨਾਂ ਤੋਂ ਅਧਿਕਾਰਹੀਣ ਸ਼੍ਰੇਣੀਆਂ ਜਾਣੂ ਨਹੀਂ ਹੁੰਦੀਆਂ ਤੇ ਉਹ ਉਹਨਾਂ ਦੇ ਜਾਲ ਵਿਚ ਫਸ ਜਾਂਦੀਆਂ ਹਨ ਪਰ ਸੰਧੂ ਦੀ ਵਿਸ਼ੇਸਤਾ ਹੈ ਕਿ ਉਹ ਇਨ੍ਹਾਂ ਸਾਰੇ ਪਾਤਰਾਂ ਦੀਆਂ ਕਮਜ਼ੋਰੀਆਂ ਉਹਨਾਂ ਦੇ ਵਿਅਕਤੀ ਚਰਿਤਰ ਵਿਚ ਨਹੀਂ ਸਗੋਂ ਸਥਿਤੀ ਵਿਚ ਨਿਰਧਾਰਿਤ ਕਰਦਾ ਹੈ। ਸੰਧੂ ਕਹਾਣੀਆ ਦੇ ਅਧਿਕਾਰਹੀਣ ਪਾਤਰਾ ਦਾ ਚਿਤਰਨ ਸਿੱਧੇ ਰੂਪ ਵਿਚ ਕਰਦਾ ਹੈ:-

> " ... ਇਹ ਡਰੈਵਰ ਵੀ ਬੜੀ ਕੁੱਤੀ ਸ਼ੈਅ ਵੇ। ਅੱਗੋਂ ਕੋਈ ਚੀਜ਼ ਆਉਦੀ ਹੈ ਤਾਂ ਹੌਲੀ ਕਰ ਲੈਂਦਾ ਮਾਂ ਨੂੰ। ਜਿਵੇਂ ਅਗਲੇ ਨੂੰ ਆਖਦਾ ਹੋਵੇ, ਮਹਾਰਾਜ! ਪਹਿਲਾਂ ਤੁਸੀਂ ਲੰਘਾ ਲੌ... ਮੈਂ ਆਖੋਂ ਤਾਂ ਪਾਸ ਕਰਕੇ ਰੋਕ ਦਿੰਦਾ', ਹੂੰਅ... ਕਿਸੇ ਬੱਕਰੀ ਦੀ ਔਲਾਦ"।

> " ਮਰਦਾਨਗੀ 'ਚ ਜੋਗਿੰਦਰ ਕਿਹੜਾ ਘੱਟ ਸੀ। ਪਟਵਾਰੀਆਂ ਵਾਲੀ ਲੜਾਈ ਵਿੱਚ ਹੀ ਮੁੱਕਦਮਾ ਸਾਵਾਂ ਕਰਨ ਲਈ ਪਹਿਲਾਂ ਉਹਨੇ ਪਿੱਤਲ ਦਾ ਅੰਨ੍ਹਾ ਗਲਾਸ ਪਹਿਲੇ ਤੋੜ ਦੀ ਬੋਤਲ ਵਿਚੋਂ ਭਰ ਕੇ ਪੀਤਾ, ਫਿਰ ਖੱਬੇ ਹੱਥ ਦੀ ਉਂਗਲ ਨਿਖੇੜ ਕੇ ਸਹਿਜ ਭਾਅ ਨਾਲ ਮੰਜੇ ਦੇ ਪਾਵੇ' ਤੇ ਰੱਖੀ ਤੇ ਸੱਜੇ ਹੱਥ ਵਿਚ ਫੜੇ ਤੇਜ਼ ਤਿੱਖੇ ਟੋਕੇ ਨਾਲ ਐਸਾ ਜ਼ੋਰਦਾਰ ਟੱਪ ਮਾਰਿਆ ਕਿ ਪੋਟਾ ਲਹਿ ਕੇ ਧਰਤੀ' ਤੇ ਇੰਜ ਡਿੱਗ ਪਿਆ ਸੀ, ਜਿਵੇਂ ਦਾਤਰੀ ਨਾਲ ਦਾਤਣ ਛਾਂਗ ਕੇ ਸੁੱਟੀਦੀ ਹੈ"।[9]

ਵਰਿਆਮ ਸਿੰਘ ਸੰਧੂ ਨੇ ਆਪਣੇ ਜੀਵਨ ਵਿਚ ਬੜੇ ਕੌੜੇ ਤਜ਼ਰਬੇ ਹੰਢਾਏ ਹਨ, ਜਿਨ੍ਹਾਂ ਨੂੰ ਉਸਨੇ ਆਪਣੀਆਂ ਕਹਾਣੀਆਂ ਵਿਚ ਨਾਵਲੀ ਰੂਪ ਵਿਧਾ ਦੁਆਰਾ ਪੇਸ਼ ਕੀਤਾ ਹੈ। ਉਸਦੇ ਅਜਿਹੇ ਪਾਤਰ ਲੰਮੇ ਇਤਿਹਾਸਕ ਦੁੱਖਾਂ ਦੀ ਦਲਦਲ ਵਿਚ ਫਸੇ ਰਹੇ ਤੇ ਸੁਪਨੇ ਵਿਚ ਵੀ ਸੁੱਖ ਦਾ ਸਾਹ ਨਾ ਲੈ ਸਕੇ। ਵਰਿਆਮ ਸੰਧੂ ਦੀ ਕਹਾਣੀ ਦੇ ਨਾਇਕ ਅੰਦਰ ਜੀਵਨ ਜੀਉਣ ਦੀ ਪ੍ਰਬਲ ਲੋਚਾ ਹੈ। ਇਹੀ ਕਾਰਨ ਹੈ ਕਿ ਸਹਿਮ ਤੇ ਡਰ ਭਰੇ ਮਾਹੌਲ ਵਿਚ ਉਹ ਬਚਕੇ ਘਰ ਜਾਣ ਦਾ ਚਾਹਵਾਨ ਹੈ। ਅਸਲ ਵਿਚ ਸੰਧੂ ਹਰ ਕਿਸਮ ਦੇ ਪਾਤਰ ਨੂੰ ਨਾਇਕ ਵਜੋਂ ਪੇਸ਼ ਕਰਨ ਦੀ ਯੋਗਤਾ ਇਸ ਲਈ ਰੱਖਦਾ ਹੈ ਕਿਉਂਕਿ ਉਹ ਸਾਰੀਆਂ ਧਿਰਾਂ ਦੇ ਖਾਸੇ ਤੋਂ ਧੁਰ ਅੰਦਰੋਂ ਵਾਕਫ ਹੈ।

ਨਿਮਨ ਕਿਰਸਾਨੀ ਨਾਲ ਸੰਬੰਧਤ ਪਾਤਰਾਂ ਦਾ ਚਿਤਰਨ ਵੀ ਇਸ ਕਰਕੇ ਵਧੀਆ ਕਰਦਾ ਹੈ ਕਿਉਂਕਿ ਉਸਨੇ ਆਪ ਅਜਿਹਾ ਜੀਵਨ ਹੰਢਾਇਆ ਹੈ। 'ਮੈਂ ਹੁਣ ਠੀਕ-ਠਾਕ ਹਾਂ' ਦਾ ਮੁੱਖ ਪਾਤਰ ਅਜਿਹਾ ਪਾਤਰ ਹੈ ਜੋ ਕਦੇ ਆਪਣੇ ਸਮੇਂ ਵਿਚ ਮੰਨਿਆ ਪ੍ਰਮੰਨਿਆ ਭਲਵਾਨ ਸੀ ਪਰ ਅੱਜ ਪੰਜਾਬ ਦੇ ਹਾਲਾਤਾਂ ਨੇ ਉਸਦੀ ਨਾਇਕੀ ਨੂੰ ਰੋਲਕੇ ਰੱਖ ਦਿੱਤਾ। ਖਾੜਕੂ ਸਰਦਾਰ ਵੀ ਇਸਦੀ ਨਾਇਕੀ ਤੋਂ ਪ੍ਰਭਾਵਿਤ ਹੈ। ਸੰਧੂ ਆਪਣੀਆਂ ਕਹਾਣੀਆਂ ਵਿਚ ਦੁਖਾਂਤ ਕਟਾਕਸ਼ ਦੀ ਵਿਧੀ ਦੀ ਵਰਤੋਂ ਕਰਦਾ ਹੈ। ਉਹ ਜ਼ਿੰਦਗੀ ਵਿਚਲੇ ਦੁਖਾਂਤ ਪਾਸਰਾਂ ਨੂੰ ਇਸ ਢੰਗ ਨਾਲ ਪੇਸ਼ ਕਰਦਾ ਹੈ ਕਿ ਕਹਾਣੀ ਵਿਚਲਾ ਸੰਤੁਲਨ ਵੀ ਕਾਇਮ ਰਹਿੰਦਾ ਹੈ।

ਵਰਿਆਮ ਸਿੰਘ ਸੰਧੂ ਦੀ ਪਾਤਰ ਉਸਾਰੀ ਦੀ ਵਿਲੱਖਣਤਾ ਇਹ ਹੈ ਕਿ ਉਹ ਪਾਤਰ ਦੀ ਮਾਨਸਿਕਤਾ ਨੂੰ ਜਾਣਨ ਦੀ ਕੋਸ਼ਿਸ਼ ਕਰਦਾ ਹੈ। ਉਹ ਕਿਸੇ ਵੀ ਪਾਤਰ ਨੂੰ ਸਹਿਜ ਰੂਪ ਵਿਚ ਚਿਤਰਦਾ ਹੈ। ਉਹ ਪਾਤਰ ਨੂੰ ਲੋੜ ਤੋਂ ਵੱਧ ਰੂਪ ਦੇ ਕੇ ਦੇਵਤਾ ਬਣਾਉਣ ਦਾ ਯਤਨ ਨਹੀਂ ਕਰਦਾ ਇਹੀ ਕਾਰਨ ਹੈ ਕਿ ਉਸ ਦੇ ਪਾਤਰ ਆਮ ਮਨੁੱਖ ਲੱਗਦੇ ਹਨ ਜਿਨ੍ਹਾਂ ਦੀਆਂ ਕੁਝ ਇੱਛਾਵਾਂ, ਲੋੜਾਂ, ਰੀਜਾ ਤੇ ਨਿੱਕੇ- ਨਿੱਕੇ ਚਾਅ ਹਨ। ਕਹਾਣੀਆਂ ਦੇ ਕੇਂਦਰੀ ਪਾਤਰ ਕਿਉਂਕਿ ਮੁੱਖ ਰੂਪ ਵਿੱਚ ਸੋਸ਼ਿਤ ਵਰਗ ਵਿਚੋਂ ਹੀ ਆਉਂਦੇ ਹਨ ਇਸ ਲਈ ਸੰਧੂ ਉਹਨਾਂ ਦਾ ਹੀ ਚਿਤਰਨ ਕਰਦਾ ਹੈ ਤੇ ਉਹਨਾਂ ਦੀਆਂ ਸਮਾਜਿਕ ਮਾਨਸਿਕ ਪਰਤਾ ਫੋਲਦਾ ਹੈ ਪਰ ਲੋੜ ਮੁਤਾਬਕ ਸ਼ੋਸ਼ਕ ਵਰਗ ਦੇ ਪਾਤਰਾਂ ਦਾ ਚਿਤਰਨ ਵੀ ਉਸ ਦੀਆਂ ਕਹਾਣੀਆਂ ਵਿਚ ਮਿਲਦਾ ਹੈ। ਸੰਧੂ ਦੇ ਸ਼ੋਸ਼ਿਤ ਵਰਗ ਦੇ ਇਸਤਰੀ ਪਾਤਰ ਵੀ ਮਰਦ ਪਾਤਰਾਂ ਵਾਗ ਹੀ ਦੁਖਾਂਤ ਭੋਗਦੇ ਹਨ ਤੇ ਨਾ ਇਹਨਾਂ ਨੂੰ ਜਵਾਨੀ ਆਉਂਦੀ ਦਾ ਹੀ ਪਤਾ ਲੱਗਦਾ ਹੈ ਤੇ ਨਾ ਉਹਨਾਂ ਦੀ ਖਾਣ-ਪੀਣ ਦੀ ਕੋਈ ਰੀਝ ਹੀ ਪੂਰੀ ਹੁੰਦੀ ਹੈ।

ਵਰਿਆਮ ਸਿੰਘ ਸੰਧੂ ਦੇ ਪਾਤਰ ਜਾਤਾਂ ਧਰਮਾਂ ਵਿਚ ਵੰਡੇ ਹੋਏ ਵੀ ਮਨੁੱਖ ਹੀ ਹਨ ਜਦ ਵੀ ਉਸਦੇ ਇਹ ਪਾਤਰ ਮਾਨਵਤਾ ਦਾ ਪੱਲਾਂ ਛੱਡਦੇ ਹਨ ਤਾਂ ਸ਼ੈਤਾਨੀਅਤ ਵਾਲੇ ਪਾਸੇ ਚਲੇ ਜਾਂਦੇ ਹਨ। ਲੇਖਕ ਬੰਦੇ ਵਿਚੋਂ ਬੰਦਾ ਤਕਦਾ ਹੈ ਨਾ ਕਿ ਸਿੱਖ, ਹਿੰਦੂ ਜਾਂ ਮੁਸਲਮਾਨ। ਲੇਖਕ ਦੇ ਮਨ ਵਿਚ ਬਲਬੀਰ ਸਿੰਘ ਦਾ ਖੂਨੀ ਚਿਹਰਾ ਛੁਪਿਆ ਹੋਇਆ ਹੈ ਜਦ ਬੁਖਾਰ ਦੀ ਅਵਸਥਾ ਵਿਚ ਉਹ ਲੇਖਕ ਨੂੰ ਮੋਢੇ ਉੱਪਰ ਚੁੱਕ ਕੇ ਲਿਜਾ ਰਿਹਾ ਹੁੰਦਾ ਹੈ ਤਾਂ ਲੇਖਕ ਮਹਿਸੂਸ ਕਰਦਾ ਹੈ:-

> ' ਛਲੱਪ... ਛਲੱਪ...' ਬਲਬੀਰ ਸਿੰਘ ਵਹਿੰਦੇ ਖੂਨ ਵਿਚ ਤੁਰ ਰਿਹਾ ਸੀ। ਮੇਰੇ ਪੈਰਾਂ ਨੂੰ ਭਿੱਜਣੋਂ ਬਚਾਉਣ ਲਈ ਉਸ ਨੇ ਉਹਨਾਂ ਨੂੰ ਹੱਥਾਂ ਨਾਲ ਉਤਾਂਹ ਚੁੱਕਿਆ ਤਾਂ ਮੈਨੂੰ ਲੱਗਾ, ਉਹ ਲਹੂ ਵਿਚ ਲੱਥ- ਪੱਥ ਹੋ ਗਏ ਸਨ। ਉਹਦੇ ਹੱਥ ਵਿਚ ਫੜੀ ਦਾਤਰੀ ਮੇਰੇ ਪੈਰਾਂ ਨੂੰ ਛੂਹੀ ਤਾਂ ਮੇਰੇ ਪਿੰਡੇ ਵਿਚ ਭੈਅ ਫਿਰ ਗਈ"।[10]

ਵਰਿਆਮ ਸਿੰਘ ਸੰਧੂ ਦੀਆਂ ਕਹਾਣੀਆਂ ਦੀ ਇਕ ਹੋਰ ਵਿਸ਼ੇਸ਼ਤਾ ਟਕਰਾਉ ਦੀ ਥਾਂ ਤਣਾਉ ਦੇ ਸਿਰਜਣ ਵਿਚ ਹੈ। ਬਿਨ੍ਹਾਂ ਕਿਸੇ ਟਿੱਪਣੀ ਤੇ ਸੁਝਾਅ ਦੇ ਸੰਧੂ ਦੀਆਂ ਕਹਾਣੀਆਂ ਤਣਾਉ ਵਿਚੋਂ ਹੀ ਅਰਥਾਂ ਦੀ ਸੋਝੀ ਕਰਾਉਂਦੀਆਂ ਹਨ। ਇਹ ਤਣਾਉ ਸਥਿਤੀ ਵਿਚੋਂ ਹੀ ਅਰਥ- ਗ੍ਰਹਿਣ ਕਰਦਾ ਹੈ ਵਿਅਕਤੀ ਚਰਿਤਰ ਵਿਚੋਂ ਨਹੀਂ ਇਸ ਲਈ ਸਾਨੂੰ ਇਨ੍ਹਾਂ ਲਿਤਾੜੇ ਜਾਣ ਵਾਲੇ ਪਾਤਰਾਂ ਨਾਲ ਹਮਦਰਦੀ ਹੋ ਜਾਂਦੀ ਹੈ ਤੇ ਇਹ ਸੰਧੂ ਦੀਆਂ ਕਹਾਣੀਆਂ ਦਾ ਇਕ ਅਹਿਮ ਪੱਖ ਹੈ। ਇਸ ਲਈ ਉਹ ਲੋਕ ਮਾਨਸਿਕਤਾ ਵਿਚ ਘਰ ਕਰ ਚੁੱਕੀਆਂ ਲੋਕ ਵਾਰਤਾਵਾਂ ਦਾ ਸਹਾਰਾ ਲੈਂਦਾ ਹੈ। ਸੰਧੂ ਦੀਆਂ ਕਹਾਣੀਆਂ ਦੀ ਇਕ ਹੋਰ ਪੱਖ ਇਹ ਹੈ ਕਿ ਉਹੁ ਗੱਲ ਨੂੰ ਚਿੰਨ੍ਹਾਂ ਰਾਹੀ ਬਿਆਨ ਕਰਦਾ ਹੈ ਕਿ ਗੱਲ ਧੁਰ- ਅੰਦਰ ਲਹਿੰਦੀ ਹੈ ਚਿੰਨ੍ਹਾਂ ਦੀ ਵਰਤੋਂ ਨਾ ਤਾਂ ਭਾਵੁਕ ਲਗਦੀ ਹੈ ਤੇ ਨਾ ਹੀ ਕਾਵਿਕ ਸਗੋਂ ਉਹ ਵਸਤੂ ਯਥਾਰਥ ਦੇ ਨੇੜੇ ਰਹਿੰਦੀ ਹੈ।

ਕਹਾਣੀ ਵਿਚ ਵਸਤੂ ਸਥਿਤੀ ਨੂੰ ਪ੍ਰਗਟ ਕਰਨ ਲਈ ਵਿਅੰਗ ਤੇ ਕਟਾਖ ਦੀਆਂ ਜੁਗਤਾਂ ਸਭ ਤੋਂ ਵੱਧ ਕਾਰਗਰ ਹੁੰਦੀਆ ਹਨ। ਇਹ ਵਿਅੰਗ ਉਸਦੇ ਪਾਤਰ ਦੂਜਿਆਂ ਉੱਪਰ ਨਹੀਂ ਕਈ ਵਾਰ ਆਪਣੇ ਆਪ ਉੱਤੇ ਵੀ ਕਰਦੇ ਹਨ। ਕਹਾਣੀ 'ਨੌ ਬਾਰਾਂ ਦਸ' ਦਾ ਨਾਇਕ ਨਿੰਦਰ ਹੈ ਉਹ ਹੇਮਾ ਮਾਲਨੀ ਜਾਂ ਸ੍ਰੀਦੇਵੀ ਨਾਲ ਵਿਆਹ ਕਰਾਉਣ ਦੇ ਸੁਪਨੇ ਲੈਂਦਾ ਹੈ। ਉਸਦੇ ਜੀਵਨ ਨੂੰ ਯਥਾਰਥ ਦੀ ਧਰਤੀ ਤੇ ਲਿਆਉਦਾ ਹੋਇਆ ਉਸ ਦੀ ਬਰਾਦਰੀ ਦਾ ਤੁਲਸਾ ਉਸਨੂੰ ਕਹਿੰਦਾ ਹੈ:-

> " ਆਹ, ਮੈਨੂੰ ਪਤੈ... ਤੇਰਾ ਵਿਆਹ ਚਾਲ੍ਹੀਵੇਂ ਹਾੜ ਦਾ ਐ..."
> ਤੁਲਸੇ ਨੇ ਵਿਅੰਗ ਕੀਤਾ"।
>
> "ਤੈਨੂੰ ਕਿਵੇਂ ਪਤੈ?... ਨਿੰਦਰ ਉਠਕੇ ਮੰਜੀ ਉੱਤੇ ਬੈਠ ਗਿਆ"।
> " ਖੋਤਿਆ ਦੇ ਸਿਰਾਂ' ਤੇ ਕਿਤੇ ਸਿੰਙ ਹੁੰਦੇ ਨੇ।... ਜੱਟਾ ਨੇ ਕਿਆ ਇਹਨੂੰ ਹੱਥਾਂ ਉੱਤੇ ਪਾਇਆ ਹੋਇਐ। ਤੈਨੂੰ ਹੇਮਾ ਮਾਲਨੀ ਦਾ ਸਾਕ ਕਰ ਦਾਂਗੇ... ਫਲਾਣੀ ਦਾ ਕਰਾ ਦਿਆਂਗੇ। ਇਹ ਖੋਤੇ ਦਾ ਖੁਰ ਖ਼ਿਆਲਾਂ ਦੇ ਘੋੜੇ ਭਜਾਈ ਫਿਰਦਾ ਰਹਿੰਦੈ। ਕਦੀ ਫ਼ਿਲਮ ਦਾ ਹੀਰੋ ਬਣ ਗਿਆ... ਕਦੀ ਟੀ. ਵੀ. ਦਾ ਕਲਾਕਾਰ ਬਣ ਗਿਆ। ਆਪਣੇ ਹੀ ਸੁਫ਼ਨਿਆਂ 'ਚ ਗਵਾਚਾ ਰਹਿੰਦਾ ਏ ਉੱਲੂ ਕਿਸੇ ਥਾਂ ਦਾ"।[11]

ਵਰਿਆਮ ਸਿੰਘ ਸੰਧੂ ਦੀ ਪਾਤਰ ਉਸਾਰੀ ਦੀ ਇਹ ਕਲਾਤਮਕ ਪ੍ਰਾਪਤੀ ਹੈ ਕਿ ਉਹ ਆਪਣੇ ਪਾਤਰਾਂ ਦੀ ਅਮਨੁੱਖੀ ਪਰਤ ਨੂੰ ਉਜਾਗਰ ਕਰਦਾ ਹੋਇਆ ਉਨ੍ਹਾਂ ਦੇ ਅੰਤਰੀਵੀ ਸੱਚ ਜਾਂ ਆਰਥਿਕ ਕਠੋਰਤਾ ਵਿਚੋਂ ਉਪਜੀ ਗਰੀਬੀ ਦੀ ਅਲਾਮਤ ਨੂੰ ਬਿਆਨ ਕਰਦਾ ਹੈ। ਕਿਸੇ ਵੀ ਕਹਾਣੀਕਾਰ ਦੀ ਇਕ ਕਹਾਣੀ ਦੀ ਰੂਪ ਰਚਨਾ ਕਿਸੇ ਦੂਜੀ ਕਹਾਣੀ ਨਾਲ ਮਿਲਦੀ ਜੁਲਦੀ ਤਾਂ ਹੋ ਸਕਦੀ ਹੈ ਪਰ ਉਸਦਾ ਇੱਕੋ ਅਜਿਹਾ ਬਦਲ ਨਹੀਂ ਹੋ ਸਕਦਾ ਕਿਉਂਕਿ ਹਰ ਕਹਾਣੀ ਦੀ ਵਸਤੂ ਅਨੁਸਾਰ ਉਸਦੇ ਰੂਪ ਵਿਚ ਥੋੜਾ ਬੁਹਤ ਅੰਤਰ ਆ ਹੀ ਜਾਂਦਾ ਹੈ ਪਰ ਇਹ ਗੱਲ ਵੀ ਹੈ ਕਿ ਸੰਧੂ ਉਸਦੀਆਂ ਵਰਣਿਤ ਰੂਪ ਵਿਧਾ ਦੇ ਘੇਰੇ ਵਿਚ ਵੀ ਨਹੀਂ ਆਉਂਦਾ। ਛੋਟੀ ਕਿਰਸਾਨੀ ਨਾਲ ਜੁੜੀਆ ਕਹਾਣੀਆ ਵਿਚ ਉਹ ਪਾਤਰਾਂ ਦੀਆਂ ਸਥਿਤੀਆਂ ਨਾਲ ਸੰਬੰਧਿਤ ਸਮਾਜਿਕ, ਮਾਨਸਿਕ, ਆਰਥਿਕ, ਪਰਤਾ ਦੇ ਵੇਰਵੇ ਇਸ ਤਰ੍ਹਾਂ ਬੁਣਦਾ ਹੈ ਕਿ ਉਹਨਾਂ ਦੇ ਪਿੱਛੇ ਛਪਿਆ ਦੁਖਾਂਤ ਪਾਠਕ ਨੂੰ ਦਿਸ ਪੈਦਾ ਹੈ। ਬਿਨ੍ਹਾਂ ਕਿਸੇ ਉਲਝਣ ਦੇ ਅਜਿਹਾ ਕਰ ਸਕਣ ਵਿਚ ਹੀ ਸੰਧੂ ਦੀਆਂ ਇਨ੍ਹਾਂ ਕਹਾਣੀਆਂ ਦੀ ਕਲਾਤਮਿਕਤਾ ਛੁਪੀ ਹੈ। ਕਹਾਣੀ 'ਭੱਜੀਆ ਬਾਹੀ' ਤੇ 'ਮੈ ਹੁਣ ਠੀਕ- ਠਾਕ ਹਾਂ' ਖੂਬਸੂਰਤ ਤੇ ਚਿੰਨ੍ਹਾਤਮਕ ਕਹਾਣੀਆਂ ਹਨ।

'ਭੱਜੀਆਂ ਬਾਹੀ' ਸਾਂਝੇ ਪਰਿਵਾਰ ਦੇ ਪਿਛੋਕੜ ਦੁਆਰਾ ਪੰਜਾਬ ਦੇ ਆਰਥਿਕ ਸੰਕਟ ਦੀ ਬਹੁ-ਪਾਸਾਰੀ ਸਥਿਤੀ ਨੂੰ ਚਿਤਰਦਾ ਹੈ ਤੇ 'ਮੈ ਹੁਣ ਠੀਕ- ਠਾਕ ਹਾ' ਇਕ ਕੁੱਤੇ ਦੇ ਬਿੰਬ ਰਾਹੀਂ ਇਸ ਸੰਕਟ ਦੀਆ ਵੱਖ-ਵੱਖ ਪਰਤਾਂ ਦਾ ਬਿਆਨ ਕਰਦੀ ਹੈ। ਚੌਥੀ ਕੂਟ' ਵਿਚ ਪੁਰਾਣੀਆਂ ਗੱਲਾ ਤੇ ਲੋਕ ਵਾਰਤਾ ਰਾਹੀਂ ਡਰ ਤੇ ਸਹਿਮ ਦੀ ਸਥਿਤੀ ਨੂੰ ਚਿਤਰਿਆ ਗਿਆ ਹੈ। ਹਿੰਦੂ, ਸਿੱਖਾ ਤੋਂ ਡਰਦੇ ਹਨ ਤੇ ਸਿੱਖ ਸੀ. ਆਰ. ਪੀ ਜਾਂ ਪੁਲਿਸ ਤੋਂ ਡਰਦੇ ਸਨ। ' ਪਰਛਾਵੇਂ' ਵਿਚ ਦੇਸ਼ ਦੀ ਵੰਡ ਸਮੇਂ ਦੇ ਫਿਰਕੂ ਫਸਾਦਾ ਤੇ ਸਮਕਾਲੀ ਪੰਜਾਬ ਦੇ ਸੰਕਟ ਨੂੰ ਪ੍ਰਭਾਵ ਦੀ ਏਕਤਾ ਕਾਇਮ ਰੱਖਦਿਆ ਕਲਾਤਮਿਕਤਾ ਨਾਲ ਪੇਸ਼ ਕੀਤਾ ਹੈ।

ਵਰਿਆਮ ਸੰਧੂ ਦੀ ਕਹਾਣੀ ਦੀ ਇਹ ਮਹੱਤਤਾ ਹੈ ਕਿ ਉਸ ਦੀਆ ਕਹਾਣੀਆਂ ਦੇ ਆਰੰਭ ਬੜੇ ਹੀ ਉਤਸੁਕਤਾ ਪੈਦਾ ਕਰਨ ਵਾਲੇ ਹੁੰਦੇ ਹਨ। ਆਰੰਭ ਪੜ੍ਹਕੇ ਪਾਠਕ ਅੰਦਰ ਅੱਗੇ ਕੀ ਹੋਇਆ ਜਾਂ ਹੋਵੇਗਾ ਜਾਣਨ ਦੀ ਲਾਲਸਾ ਪੈਦਾ ਹੋ ਜਾਂਦੀ ਹੈ। ਜਿਵੇਂ 'ਭੱਜੀਆ ਬਾਹਾਂ ਦੇ ਆਰੰਭ ਵਿਚ 'ਦਿਨ ਚੜ੍ਹਨ ਤੋਂ ਪਿੱਛੋਂ ਸੂਰਜ ਨੇ ਅਜੇ ਚੰਗੀ ਤਰ੍ਹਾਂ ਵਿਹੜਿਆਂ ਵਿਚ ਝਾਤ ਵੀ ਨਹੀਂ ਸੀ ਪਾਈ ਕਿ ਰਾਮ ਦੇ ਘਰੋਂ ਉੱਚੀ-ਉੱਚੀ ਅਵਾਜਾਂ ਆਉਣੀਆਂ ਸ਼ੁਰੂ ਹੋ ਗਈਆ। ਆਰੰਭ ਪੜ੍ਹਦਿਆਂ ਹੀ ਪਾਠਕ ਦੇ ਮਨ ਅੰਦਰ ਇਸ ਰੌਲੇ ਬਾਰੇ ਜਾਨਣ ਦੀ ਲਾਲਸਾ ਤੇਜ਼ ਹੋ ਜਾਂਦੀ ਹੈ ਕਿ

ਘਰ ਵਿਚ ਕੋਈ ਮੌਤ ਹੋਈ ਹੈ ਕਿ ਇਹ ਆਪਸ ਵਿਚ ਪਾਇਆ ਜਾਂ ਰਿਹਾ ਰੌਲਾ ਲੜਾਈ-ਝਗੜਾ ਹੈ। ਸੰਧੂ ਇਕ ਕਹਾਣੀ ਉਪਰ ਉਨ੍ਹੀ ਮਿਹਨਤ ਕਰਦਾ ਹੈ ਜਿੰਨਾ ਕੋਈ ਲੇਖਕ ਇਕ ਪੁਸਤਕ ਉਪਰ ਕਰਦਾ ਹੈ। ਸੰਧੂ ਦੀ ਕਹਾਣੀ ਦਾ ਖਾਸ ਗੁਣ ਹੈ ਕਿ ਘਟਨਾਵਾਂ ਇਕ ਲੜੀ ਵਿਚ ਪਰੋਈਆਂ ਜਾਪਦੀਆਂ ਹਨ। ਭਾਵੇਂ ਇਸ ਲੜੀ ਵਿਚ ਵਾਰ-ਵਾਰ ਕੱਟ ਲੱਗਦੇ ਹਨ ਪਰ ਕਿਸੇ ਵੀ ਕਿਸਮ ਦੀ ਢਿੱਲ ਨਜ਼ਰ ਨਹੀਂ ਆਉਂਦੀ ਹੈ।

ਵਰਿਆਮ ਸੰਧੂ ਆਪਣੀਆਂ ਕਹਾਣੀਆਂ ਵਿਚ ਬਿੰਬ/ ਚਿੰਨ੍ਹਾਂ/ ਪ੍ਰਤੀਕਾਂ ਦੀ ਵਰਤੋਂ ਕਰਕੇ ਵਸਤੂ-ਯਥਾਰਥ ਨੂੰ ਪਾਠਕਾਂ ਦੇ ਧੁਰ ਅੰਦਰ ਤਕ ਵਸਾ ਦਿੰਦਾ ਹੈ। ਸੰਧੂ ਦੁਆਰਾ ਸਿਰਜੇ ਜਾਂਦੇ ਵੰਨ-ਸੁਵੰਨੇ ਪ੍ਰਤੀਕ ਲੋਕਾਈ ਦੀ ਸਮਝ ਵਿਚ ਆਉਣ ਵਾਲੇ ਹੁੰਦੇ ਹਨ। ਉਦਾਹਰਣ ਦੇ ਤੌਰ ਤੇ 'ਭੱਜੀਆਂ ਬਾਹੀਂ' ਵਿਚ ਚੁਬਾਰੇ ਨੂੰ ਚੰਡੀਗੜ੍ਹ, ਸਰਵਣ ਨੂੰ ਪ੍ਰਧਾਨ-ਮੰਤਰੀ, ਕੇਵਲ ਨੂੰ ਅਤਿਵਾਦੀ ਦੇ ਸਿੱਧੇ-ਸਾਦੇ ਪ੍ਰਤੀਕਾਂ ਰਾਹੀਂ ਪ੍ਰਸਤੁਤ ਕਰਕੇ ਆਪਣੀ ਕਲਾਤਮਕ ਦਾ ਵਧੀਆ ਸਬੂਤ ਦਿਤਾ ਹੈ। 'ਭੱਜੀਆਂ ਬਾਹੀਂ', 'ਮੈਂ ਹੁਣ ਠੀਕ ਠਾਕ ਹਾਂ', 'ਵਾਪਸੀ' ਆਦਿ ਕਹਾਣੀਆਂ ਵਿਚ ਅਜਿਹੇ ਬੇਸ਼ੁਮਾਰ ਚਿੰਨ੍ਹਾਤਮਕ ਵੇਰਵੇ ਹਨ ਜਿਨ੍ਹਾਂ ਦੀ ਵਿਲੱਖਣਤਾ ਇਹ ਹੈ ਕਿ ਉਹ ਕਿਧਰੇ ਵੀ ਖਿੰਡਾਅ ਪੈਦਾ ਨਹੀਂ ਕਰਦੇ ਸਗੋਂ ਸਮੁੱਚੀਆਂ ਘਟਨਾਵਾਂ ਨੂੰ ਇਕ ਕੇਂਦਰੀ ਨੁਕਤੇ ਤੇ ਕੇਂਦਰਿਤ ਕਰਨ ਵਿਚ ਸਹਾਈ ਹੁੰਦੇ ਹਨ।

ਕਹਾਣੀਆਂ ਦੇ ਸਿਰਲੇਖ ਨਿਸ਼ਚਿਤ ਕਰਨ ਵਿੱਚ ਵੀ ਸੰਧੂ ਦੀ ਆਪਣੀ ਨਿਵੇਕਲੀ ਪਛਾਣ ਹੈ। ਵਰਿਆਮ ਸੰਧੂ ਦੀਆਂ ਬਹੁਤੀਆਂ ਕਹਾਣੀਆਂ ਦੇ ਸਿਰਲੇਖ ਪ੍ਰਤੀਕਾਤਮਿਕ ਹੁੰਦੇ ਹਨ। ' ਭੱਜੀਆ ਬਾਹੀਂ' ਸਿਰਲੇਖ ਭਰਾਵਾਂ ਵਿਚ ਪਏ ਦੁਫੇੜ ਦਾ ਪਰੰਪਰਾ ਤੋਂ ਤੁਰਿਆ ਆ ਰਿਹਾ ਪ੍ਰਤੀਕ ਹੈ ਪਰ ਕਹਾਣੀ ਵਿਚ ਇਹ ਰਾਜਾਂ ਅਤੇ ਕੇਂਦਰੀ ਵਿਚਲੇ ਟਕਰਾਉ ਦਾ ਪ੍ਰਤੀਕ ਬਣ ਕੇ ਉਭਰਦਾ ਹੈ ਅਤੇ ਪੰਜਾਬ ਦੇ ਸੰਕਟ ਦੇ ਵਿਵੇਕ ਵੱਲ ਸੰਕੇਤ ਕਰਦਾ ਹੈ। ਹੋਰ ਕਹਾਣੀਆਂ ਵਿਚ 'ਚੌਥੀ ਕੂਟ' ਖਤਰੇ ਵਾਲੀ ਦਿਸ਼ਾ ਦਾ ਪ੍ਰਤੀਕ ਹੈ ਪਰ ਸੰਧੂ ਦੀ ਇਸ ਨਾਂ ਵਾਲੀ ਕਹਾਣੀ ਦੇ ਪਾਤਰ ਤਾਂ 'ਚੌਥੀ ਕੂਟ' ਵੱਲ ਹਿਕ ਤਾਣੀ ਤੁਰੇ ਜਾ ਰਹੇ ਹਨ। ਜਿਹੜਾ ਖੇਤਰ ਖਤਰਿਆਂ ਤੋਂ ਖਾਲੀ ਨਹੀਂ ਹੈ।

ਕਹਾਣੀ 'ਅੰਗ- ਸੰਗ ਵਿਚ ਤਣਾਉ ਦਾ ਅਜਿਹਾ ਮਾਹੌਲ ਸਿਰਜਿਆ ਹੈ ਕਿ ਪਰਿਵਾਰ ਦੇ ਮੈਂਬਰਾਂ ਨੂੰ ਤੁਰ ਗਿਆ ਜੀਅ ਆਪਣੇ ਅੰਗ ਸੰਗ ਵੀ ਲਗਦਾ ਹੈ ਤੇ ਉਸੇ ਹੀ ਸਮੇਂ ਉਹ ਉਸ ਦੀ ਮੌਤ ਨਾਲ ਸੁਰਖਰੂ ਹੋਏ ਵੀ ਮਹਿਸੂਸ ਕਰਦੇ ਹਨ। 'ਰਾਖਾ' ਵਿਚ ਵਾੜ ਖੇਤ ਨੂੰ ਖਾਂਦੀ ਹੈ ਤੇ ਦੁਸ਼ਮਣ ਰਾਖੀ ਕਰਦੇ ਹਨ। 'ਆਪਣਾ- ਆਪਣਾ ਹਿੱਸਾ ਦਾ ਘੁੱਦੂ ਜ਼ਮੀਨ ਜਾਇਦਾਦ ਦਾ ਹਿੱਸਾ ਨਹੀਂ ਮੰਗਦਾ ਉਹ ਤਾਂ ਸਥਿਤੀ ਦਾ ਭੰਨਿਆ ਆਪਣੀ ਮਰੀ ਮਾਂ ਦੇ 'ਫੁੱਲਾ' ਦਾ

ਹਿੱਸਾ ਮੰਗ ਰਿਹਾ ਹੈ। 'ਕੁਰਾਹੀਆਂ' ਦਾ ਹਜਾਰ ਸਿੰਗ ਆਪਣੇ ਅਸੂਲਾ ਨਾਲ ਸਮਝੌਤਾ ਨਹੀਂ ਕਰਦਾ, ਕਿਸੇ ਅੱਗੇ ਝੁਕਦਾ ਨਹੀਂ ਤਾਂ ਹੀ ਤਾਂ ਕੁਰਾਹੀਆ ਹੈ।

'ਛੁੱਟੀ ਕਹਾਣੀ ਦਾ ਸਿਰਲੇਖ ਵੀ ਬਹੁਤ ਵਿਅੰਗਆਤਮਿਕ ਹੈ। ਕਹਾਣੀ ਵਿਚ ਦੱਸਿਆ ਗਿਆ ਹੈ ਕਿ ਕੋਈ ਮਰੇ ਸਹੀ ਮਾਸਟਰਾਂ ਨੂੰ ਤਾਂ ਸਕੂਲ ਬੰਦ ਹੋਣ ਦੀ ਖੁਸ਼ੀ ਹੈ ਮਰਨ ਵਾਲੇ ਦਾ ਕੋਈ ਦੁੱਖ ਨਹੀਂ ਹੁੰਦਾ। ਕਹਾਣੀ ਵਿਚ ਸੁਰਜੀਤ ਬਲਦੇਵ ਸਿੰਘ ਨੂੰ ਅਖ਼ਬਾਰਾਂ ਫੜਾਂਦੀ ਕਹਿੰਦੀ ਹੈ:-

> " ਵੀਰ ਜੀ ! ਰਾਤੀਂ ਭੁੱਚਰ ਕੋਲ ਹੋਏ ਮੁਕਾਬਲੇ ਦੀ ਖ਼ਬਰ ਏ। ਸੱਤ ਮੁੰਡੇ ਮਰੇ ਨੇ ... ਬੱਸ ਵਿਚ ਗੱਲਾਂ ਕਰਦੇ ਸੀ ਕਿ ਉਹਨਾਂ ਮੁੰਡਿਆਂ 'ਚ ਤੁਹਾਡੇ ਪਿੰਡ ਦਾ ਵੀ ਕੋਈ ਮੁੰਡਾ ਹੈਗਾ ਏ। ਜੇ ਸੱਚੀ... ਤੁਹਾਡੇ ਪਿੰਡ ਦਾ ਮੁੰਡਾ ਉਹਨਾਂ ਵਿਚ ਹੋਵੇ..." ਉਸ ਨੇ ਬੜੇ ਸਹਿਜ ਭਾਵ ਨਾਲ ਆਖਿਆ।" ਤਾਂ ਬੜਾ ਵਧੀਆ ਰਹੇ ਉਹਦੇ ਭੋਗ ਤੱਕ ਤਾਂ ਸਕੂਲ ਨੂੰ ਖਾੜਕੂ ਬੰਦ ਕਰਵਾਉਣਗੇ ਹੀ...। ਸਕੂਲ 'ਚ ਵਾਹਵਾ ਹਫ਼ਤਾ ਭਰ ਛੁੱਟੀਆਂ ਰਹਿਣਗੀਆਂ"।[12]

ਇਸ ਤਰ੍ਹਾਂ ' ਜੇਬ ਕਤਰੇ' ਕੋਈ ਬੱਸਾਂ ਗੱਡੀਆਂ ਵਿਚ ਜੇਬਾਂ ਕੱਟਣ ਵਾਲੇ ਨਹੀਂ ਸਗੋਂ ਇਹ ਤਾਂ ਧਾਰਮਿਕ ਵਿਦਿਅਕ ਸੰਸਥਾਵਾਂ ਦੇ ਨੇਤਾ ਹਨ ਜਿਹੜੇ ਗਰੀਬ ਅਧਿਆਪਕ ਦੀ ਜੇਬ ਇਸ ਲਈ ਕੱਟਦੇ ਹਨ ਕਿਉਂਕਿ ਉਹਨਾਂ ਨੇ ਇਕ ਮਹਾਨ ਨੇਤਾ ਨੂੰ ਥੈਲੀ ਭੇਟ ਕਰਨੀ ਹੈ। ਕਹਾਣੀ 'ਮੈ ਹੁਣ ਠੀਕ- ਠਾਕ ਹਾਂ' ਕੁੱਤੇ ਦੀ ਦਰਦ ਭਰੀ ਅਵਾਜ਼ ਵਿਚੋਂ ਇਹ ਸਪਸ਼ਟ ਕੀਤਾ ਗਿਆ ਹੈ ਕਿ 'ਮੈ ਹੁਣ ਠੀਕ ਠਾਕ ਹਾਂ' ਜਦ ਕਿ ਕੁੱਤਾ ਬੁਰੀ ਤਰ੍ਹਾਂ ਜ਼ਖਮੀ ਸੀ। ਇਸ ਰਾਹੀ ਜੋਗਿੰਦਰ ਦੀ ਮਨੋਦਿਸ਼ਾ ਪੇਸ਼ ਕੀਤੀ ਗਈ ਹੈ। ਇਸ ਪ੍ਰਕਾਰ ਇਨ੍ਹਾਂ ਕਹਾਣੀਆਂ ਦੇ ਸਿਰਲੇਖਾਂ ਵਿਚੋਂ ਕਹਾਣੀਆਂ ਦੀ ਵਸਤੂ ਸਥਿਤੀ ਦੇ ਪ੍ਰਸੰਗ ਵਿਚ ਸਾਨੂੰ ਪਰੰਪਰਾਗਤ ਅਰਥਾਂ ਨਾਲੋਂ ਤੋੜ ਵਿਛੋੜਾ ਹੀ ਨਜ਼ਰ ਆਉਂਦਾ ਹੈ ਜਿਹੜਾ ਸੰਧੂ ਦੀ ਕਹਾਣੀ ਕਲਾ ਦਾ ਇਕ ਅਹਿਮ ਪੱਖ ਹੈ।

ਵਰਿਆਮ ਸਿੰਘ ਸੰਧੂ ਦੀਆਂ ਕਹਾਣੀਆਂ ਵਿਚ ਕਿਧਰੇ- ਕਿਧਰੇ ਮਾਝੀ ਉਪਭਾਸ਼ਾ ਦਾ ਬੜਾ ਸੁੰਦਰ ਚਿਤਰਨ ਮਿਲਦਾ ਹੈ ਪਰ ਕਹਾਣੀਆਂ ਦੀ ਖੂਬਸੂਰਤੀ ਇਸ ਗੱਲ ਵਿਚ ਨਹੀਂ ਕਿ ਉਸ ਨੇ ਮਾਝੀ ਭਾਸ਼ਾ ਨੂੰ ਵਰਤਿਆ ਹਨ ਸਗੋਂ ਖੂਬਸੂਰਤੀ ਦਾ ਕਾਰਨ ਮਾਝੇ ਦੀ ਬੋਲੀ, ਮਾਝੇ ਦੇ ਲੋਕ ਮੁਹਾਵਰੇ ਨੂੰ ਵਰਤਣਾ ਹੈ। ਇਸ ਤਰ੍ਹਾਂ ਮਾਝੇ ਦੀ ਬੋਲੀ ਤਾਂ ਇਕ ਦੁਆਬੀ ਜਾਂ ਮਲਵਈ ਵੀ ਨਾਟਕੀ ਪੱਧਰ ਤੇ ਬੋਲ ਲਵੇਗਾ ਪਰ ਇਸ ਵਿਚ ਬਨਾਵਟ ਹੋਵੇਗੀ। ਲੋਕ ਮੁਹਾਵਰੇ

ਵਿਚ ਵਹਿ ਕੇ ਕੇਵਲ ਉਹੀ ਵਿਅਕਤੀ ਬੋਲ ਸਕੇਗਾ ਜੋ ਉਸ ਇਲਾਕੇ ਦਾ ਹੋਵੇਗਾ। ਪੰਜਾਬੀ ਗਲਪ ਵਿਚ ਨਾਵਲ ਦੇ ਖੇਤਰ ਵਿਚ ਸੋਹਣ ਸਿੰਘ ਸੀਤਲ ਮਾਝੀ ਦੇ ਮੁਹਾਵਰੇ ਨੂੰ ਵਰਤ ਸਕਿਆ ਹੈ ਭਾਵੇਂ ਉਹ ਮਾਲਵੇ ਦੇ ਸ਼ਹਿਰ ਲੁਧਿਆਣੇ ਵਿਚ ਰਹਿੰਦਾ ਸੀ ਤੇ ਕਹਾਣੀ ਦੇ ਖੇਤਰ ਵਿਚ ਉਹੀ ਸਥਾਨ ਵਰਿਆਮ ਸਿੰਘ ਸੰਧੂ ਦਾ ਹੈ ਕਿ ਉਹ ਆਪਣੇ ਪਾਤਰਾਂ ਕੋਲੋ ਠੇਠ ਮਾਝੀ ਉਪਭਾਸ਼ਾ ਬੁਲਵਾਉਂਦਾ ਹੈ। ਇਹਨਾਂ ਦੋਹਾਂ ਲੇਖਕਾਂ ਦਾ ਪਿਛੋਕੜ ਨਿਰੋਲ ਮਾਝੀ ਹੈ। ਸੰਧੂ ਦੀਆਂ ਕਹਾਣੀਆਂ ਵਿਚੋਂ ਕੋਈ ਵੀ ਕਹਾਣੀ ਲੈ ਲਵੋ ਉਸ ਵਿਚੋਂ ਠੇਠ ਮਾਝੀ ਦਾ ਮੁਹਾਵਰਾ ਨਜ਼ਰ ਆ ਜਾਵੇਗਾ। 'ਚੌਥੀ ਕੂਟ' ਕਹਾਣੀ ਵਿਚੋਂ ਕੁਝ ਸਤਰਾ ਹਨ ਜਿਨ੍ਹਾਂ ਤੋਂ ਉਸਦੀ ਭਾਸ਼ਾ ਬਾਰੇ ਸਪਸ਼ਟੀਕਰਨ ਹੋ ਜਾਂਦਾ ਹੈ:-

> ... ਇਹ ਡਰੈਵਰ ਵੀ ਬੜੀ ਕੁੱਤੀ ਸ਼ੈਅ ਵੇ। ਅੱਗੋਂ ਕੋਈ ਚੀਜ਼ ਆਉਦੀ ਹੈ ਤਾਂ ਹੌਲੀ ਕਰ ਲੈਂਦਾ ਮਾਂ ਨੂੰ। ਜਿਵੇਂ ਅਗਲੇ ਨੂੰ ਆਖਦਾ ਹੋਵੇ, ਮਹਾਰਾਜ! ਪਹਿਲਾਂ ਤੁਸੀਂ ਲੰਘਾ ਲੌ... ਮੈਂ ਆਖੋਂ ਤਾਂ ਪਾਸ ਕਰਕੇ ਰੋਕ ਦਿੰਦਾ',ਹੂੰਅ...ਕਿਸੇ ਬੱਕਰੀ ਦੀ ਔਲਾਦ"।[13]

" ਮੈ ਵੀ ਅੰਬਰਸਰ ਜਾਣਾ ... ਪਛੜ ਗਿਆਂ ... ਬੱਸ ਗਲਤੀ ਹੋ ਗਈ ... ਆਹ
ਗੱਡੀ ਊਂ ਅੰਬਰਸਰ ਨੂੰ ਈ ਜਾਣੀ ਆਂ ਐਥੋਂ ... ਅੱਗੇ ਖ਼ਾਲੀ ਹੀ ਜਾਂਦੀ ਐ ...
ਸਵਾਰੀ ਨ੍ਹੀ ਕੋਈ ਲਿਜਾਂਦੀ ... ਜੇ ਭਲਾ ਤਰਲਾ- ਮਿੰਨਤ ਕਰ ਵੇਖੀਏ ਕਿਸੇ ਦਾ..."।[14]

" ਤੁਸੀ ਤਾਂ ਭੱਜ ਈ ਉਠੇ ... ਸਾਨੂੰ ਨਾਲ ਈ ਨਹੀਂ ਲਿਆ ..."।[15]

" ਐਹਨਾਂ ਹੱਥਾ ਨਾਲ ... ਕੰਧਾੜੇ ਬਿਠਾ ਕੇ ਤੈਨੂੰ ਹੂਟੇ ਦਿੰਦਾ ਰਿਹਾਂ। ਤੂੰ ਮੇਰੇ ਮੋਢਿਆਂ
' ਤੇ ਪਿਸ਼ਾਬ ਕਰਦਾ ਸੈਂ ਤਾਂ ਗਲ ਤੋਂ ਲੈ ਕੇ ਤੇੜ ਤੱਕ ਮੇਰੇ ਲੀੜੇ ਭਿੱਜ ਜਾਂਦੇ ਸਨ ...
ਉਏ। ਤੂੰ ਮੈਨੂੰ ਮਾਰੇਗਾਂ? ... ਕਦੰਤ ਨਹੀਂ ... ਤੂੰ ਮੈਨੂੰ ਮਾਰ ਈ ਨਹੀਂ ਸਕਦਾ। ਤੇ
ਜੇ ਮਾਰ ਸਕਦਾ ਏਂ, ਤਾਂ ਆਹ ਲੈ, ਮੇਰੀ ਧੌਣ ਤੇਰੇ ਸਾਹਮਣੇ ਈ ..."।[16]

" ਚਾਚੀ ! ਜਿੰਦੇ ਨੂੰ ਆਖ ਟੌਮੀ ਨੂੰ ਮਾਰ ਦੇਵੇ ... ਪਰਸੋਂ ਭਾਊ ਲੰਘੇ ਸਨ। ਮੈਨੂੰ ਆਖ
ਗਏ ਸਨ ਕਿ ਤੁਹਾਨੂੰ ਸੁਨੇਹਾ ਪੁਚਾ ਆਵਾਂ ... ਅਸੀਂ ਤਾਂ ਮਹੀਨਾ ਹੋਇਆ ਦੋਵੇਂ ਕੁੱਤੇ
ਚੂਹਿਆਂ ਵਾਲੀ ਦਵਾਈ ਪਾ ਕੇ ਮਾਰ ਤੇ। ਤੁਹਾਡਾ ਕੁੱਤਾ ਤਾਂ ਹੈ ਵੀ ਬੜਾ ਔਤਰ ਮੇਲ ਦਾ
ਉਹ ਤਾਂ ਸਮਾਨ ਸਿਰ 'ਤੇ ਚੁੱਕ ਲੈਂਦਾ ਰਾਤ ਨੂੰ ..."।[17]

ਜੇ ਪੰਝੀਆਂ ਮੁੰਡਿਆਂ 'ਚ ਵੀਹਾਂ ਦਾ ਜਵਾਬ ਆਏ ਸੈਂਤੀ ਰੁਪੈ ਬਾਰਾਂ ਆਨੇ ਤਿੰਨ ਪਾਈਪਾਂ ਤੇ ਬਾਕੀਆਂ ਪੰਜਾਂ 'ਚ ਕੋਈ ਛੱਤੀ ਰੁਪੈ ਨੌਂ ਆਨੇ, ਕੋਈ ਚਵੀ ਰੁਪੈ ਛੇ ਆਨੇ ਤੇ ਇੰਝ ਹੀ ਦੂਜੇ ਤਿੰਨ ਵੱਖ- ਵੱਖ ਜਵਾਬ ਕੱਢਣ ਤਾਂ ਉਦੋਂ ਇਕੋ ਜਵਾਬ ਕੱਢਣ ਵਾਲੇ ਵੀਹਾਂ ਨੂੰ ਆਂਹਦੇ ਨੇ ਸੌ ਸਿਆਣਾ ਇਕੋ ਮੱਤ ਤੇ ਬਾਕੀ ਪੰਜ ਜਿਨ੍ਹਾਂ ਦਾ ਕਿਸੇ ਨਾਲ ਵੀ ਜਵਾਬ ਨਹੀਂ ਮਿਲਦਾ ਉਹਨੂੰ ਆਂਹਦੇ ਨੇ ਮੂਰਖ ਵੱਖੋ- ਵੱਖ..."।[18]

ਇਸ ਪ੍ਰਕਾਰ ਸਾਰੀਆਂ ਕਹਾਣੀਆਂ ਦੇ ਵਾਕਾਂ ਵਿਚ ਦੇਖਣ ਵਾਲੀ ਗੱਲ ਇਹ ਹੈ ਕਿ ਇਹਨਾਂ ਨੂੰ ਬੋਲਣ ਵਾਲੇ ਪਾਤਰ ਹਿੰਦੂ, ਮੁਸਲਮਾਨ ਤੇ ਸਿੱਖ ਹਨ ਪਰ ਸਾਰੇ ਮਾਝੇ ਦੇ ਇਲਾਕੇ ਨਾਲ ਸੰਬੰਧ ਰੱਖਦੇ ਹੋਣ ਕਰਕੇ ਨਿਰੋਲ ਠੇਠ ਮਾਝੀ ਦਾ ਮੁਹਾਵਰਾ ਵਰਤਦੇ ਹਨ। ਇਹਨਾਂ ਵਾਕਾਂ ਵਿਚ ਡਰੈਵਰ, ਕੁੱਤੀ ਸ਼ੈਅ, ਬੱਕਰੀ ਦੀ ਔਲਾਦ, ਅੰਬਰਸਰ, ਪਛੜ ਗਿਆ, ਭੱਜੇ ਈ ਉੱਠੇ, ਐਹਨਾਂ ਹਥਾਂ ਨਾਲ ਹੁਟੇ, ਗਲ ਤੋਂ ਲੈ ਕੇ ਤੋੜ ਤਕ, ਲੀੜੇ, ਧੌਣ ਵਾ ਵਲ ਨਹੀਂ ਵਿਹੰਦਾ, ਭਾਊ, ਔਤਰ ਮੇਲ, ਸਮਾਨ, ਪੰਝੀਆਂ, ਵੀਹਾਂ, ਪਾਖੰਡ ਕਰਨ ਡਿਹਾ, ਆਖ਼ਰ ਕੀ ਆ ਗਈ, ਟੈਮੋ ਬੇ-ਸਟੈਮ, ਟੱਲੀ, ਆਦਿ। ਵਰਿਆਮ ਸੰਧੂ ਦੀਆਂ ਕਹਾਣੀਆਂ ਵਿਚ ਮਾਝੀ ਦਾ ਲੋਕ ਮੁਹਾਵਰਾ ਵਾਸਤਵਿਕ ਜੀਵਨ ਵਿਚ ਉਲਾਰ ਨਹੀਂ ਹੋਣ ਦਿੰਦਾ। ਇਹ ਮੁਹਾਵਰਾ ਭਾਵ ਤੋਂ ਊਣਾ ਜਾਂ ਘੱਟ ਨਹੀਂ।

ਉਸ ਦੀ ਕਹਾਣੀ 'ਨੌਂ ਬਾਰਾਂ ਦਸ' ਇਸ ਪੱਖੋਂ ਵਿਚਾਰਨ ਵਾਲੀ ਹੈ ਕਿ ਇਸ ਦਾ ਮੁੱਖ ਪਾਤਰ ਨਿੰਦਰ ਜਿਸ ਦਾ ਕਿਧਰੇ ਵੀ ਵਿਆਹ ਨਹੀਂ ਹੁੰਦਾ, ਸ੍ਰੀਦੇਵੀ ਨਾਲ ਵਿਆਹ ਕਰਾਉਣ ਦੇ ਸੁਪਨੇ ਲੈਂਦਾ ਹੈ। ਉਹ ਅਤਿ ਦੀ ਦੁੱਖੀ ਅਵਸਥਾ ਵਿਚ ਵੀ ਹੱਸ-ਹੱਸ ਕੇ ਗੱਲਾਂ ਕਰਦਾ ਹੈ। ਸੰਧੂ ਦੀਆਂ ਕਹਾਣੀਆਂ ਦੀ ਬੋਲੀ ਦਾ ਪ੍ਰਗਟਾਵਾ ਇਸ ਗੱਲ ਵਿਚ ਵੀ ਹੋ ਜਾਂਦਾ ਹੈ ਕਿ ਉਸ ਦੇ ਪਾਤਰ ਜਾਤ, ਮਜ਼ਹਬ ਤੋਂ ਪਰ੍ਹੇ ਹਟ ਕੇ ਪੰਜਾਬੀ ਸਭਿਆਚਾਰ ਵਿਚ ਭਿੱਜ ਕੇ ਗੱਲ ਕਰਦੇ ਹਨ, ਉਨ੍ਹਾਂ ਦੀ ਬੋਲੀ ਮਜ਼੍ਹਬੀ ਰੰਗ ਧਾਰਨ ਨਹੀਂ ਕਰਦੀ। ਭਾਸ਼ਾ ਦੇ ਪੱਖੋਂ ਵਰਿਆਮ ਸੰਧੂ ਆਪਣੇ ਪਾਤਰਾਂ ਨੂੰ ਮੁੱਖ ਰੱਖਦਾ ਹੈ। ਪਾਤਰਾਂ ਦੇ ਸੁਭਾਅ ਅਤੇ ਕਿਰਦਾਰ ਅਨੁਸਾਰ ਭਾਸ਼ਾ ਬੁਲਾਉਂਦਾ ਹੈ। ਉਸ ਦੀ ਕਹਾਣੀ 'ਮੈਂ ਹੁਣ ਠੀਕ- ਠਾਕ ਹਾਂ' ਵਿਚ ਸਾਧਾ ਸੀਤਲ ਦਾ ਨਾਮ ਇਸ ਕਰਕੇ ਸੀਤਲ ਹੈ ਕਿਉਂਕਿ ਉਹ ਸੀਤਲ ਦੀਆਂ ਵਾਰਾਂ ਗਾਉਂਦਾ ਰਹਿੰਦਾ ਹੈ। ਇਸ ਪਾਤਰ ਨੂੰ ਉਜਾਗਰ ਕਰਨ ਲਈ ਉਸ ਪਾਸੋਂ ਅਜਿਹੀ ਬੋਲੀ ਬੁਲਾਈ ਗਈ ਹੈ ਜਿਵੇਂ:-

" ਜੱਟਾ ! ਇਹਨੂੰ ਲਾ ਦੇਹ ਦਰਵੇਸ਼ ਨੂੰ ਕਿਸੇ ਬਿਲੇ। ਫੇਰ ਜੂ ਜਿਵੇ ਸੀਤਲ ਨੇ ਆਖਿਆ ਸੀ। ਜਦੋਂ ਚੜ੍ਹ ਕੇ ਫੌਜ਼ਾਂ ਆ ਗਈਆਂ ਲਾ ਚੋਟ ਨਗਾਰੇ... ਵਖਤ ਪੈਦਾ ਫਿਰੂ। ਹੁਣ ਤਾਂ ਅਗਲਿਆਂ ਸੁਨੇਹਾ ਵੀ ਦੇ ਤਾ। ਜਦੋਂ ਉਹ ਆ ਗੇ ਫਿਰ

> ਬਹਾਨਾ ਵੀ ਕੋਈ ਨ੍ਹੀ ਬਣਨਾ। ਰਾਹੀ ਈ ਨ੍ਹੀ ਲੱਭਣਾ ਬਚਣ ਦਾ... ਅਖੇ ਭੱਜਿ ਆ ਜਾਣ ਨਾ ਦੇਣਗੇ ਮੇਰੇ ਵੀਰ ਗਏ ਜੇ ਆ"।

ਉਸ ਦੀਆਂ ਕਹਾਣੀਆਂ ਦਾ ਮੁਹਾਂਦਰਾ ਕਥਾ ਵਾਲਾ ਹੈ। ਉਹ ਕਹਾਣੀ ਦੀ ਕੋਈ ਇਕ ਸਮੱਸਿਆ ਜਾਂ ਵਧੇਰੇ ਕਰਕੇ ਆਪਣੇ ਜਾਣੇ ਪਛਾਣੇ ਪਾਤਰਾਂ ਦੀ ਜ਼ਿੰਦਗੀ ਦਾ ਇਕ ਪੱਖ ਲੈ ਕੇ ਉਸ ਨੂੰ ਸਪਸ਼ਟ ਕਰਨ ਲਈ ਵਾਰੀ-ਵਾਰੀ ਘਟਨਾਵਾਂ ਪੇਸ਼ ਕਰਦਾ ਹੈ ਜਿਸ ਤਰ੍ਹਾਂ ਉਹ ਕਹਾਣੀ ਦਾ ਬਿਆਨ ਕਰਦਾ ਜਾਂਦਾ ਹੈ ਤਿਵੇਂ-ਤਿਵੇਂ ਕਹਾਣੀ ਦੀ ਮੁੱਖ ਸਮੱਸਿਆ ਸਪਸ਼ਟ ਹੁੰਦੀ ਜਾਂਦੀ ਹੈ। ਉਸ ਦੀਆਂ ਕਹਾਣੀਆਂ ਵਿਚਲਾ ਕਥਾ ਵਰਣਨ ਹੀ ਪਾਠਕ ਨੂੰ ਕੀਲੀ ਰੱਖਦਾ ਹੈ ਉਹ ਕਹਾਣੀ ਦੇ ਸ਼ੁਰੂ ਵਿਚ ਹੀ ਕਹਾਣੀ ਦਾ ਰੱਹਸ ਖੋਲ੍ਹ ਦਿੰਦਾ ਹੈ ਅਤੇ ਬਾਕੀ ਕਹਾਣੀ ਇਸ ਦਾ ਵਿਸਥਾਰ ਹੁੰਦੀ ਹੈ। ਇਹ ਤਕਨੀਕ ਉਸ ਦੀਆਂ ' ਚੌਥੀ ਕੂਟ' 'ਮੈ ਹੁਣ ਠੀਕ-ਠਾਕ ਹਾਂ' ਅਤੇ 'ਨੌ ਬਾਰਾਂ ਦਸ' ਸਾਰੀਆਂ ਕਹਾਣੀਆਂ ਵਿਚ ਹੈ।

ਸਮੁੱਚੇ ਰੂਪ ਵਿਚ ਵਰਿਆਮ ਸਿੰਘ ਸੰਧੂ ਦੀਆਂ ਕਹਾਣੀਆਂ ਦੀ ਕਲਾਤਮਕ ਪੱਖ ਬਾਰੇ ਅਸੀਂ ਆਖ ਸਕਦੇ ਹਾਂ ਕਿ ਉਸਦੀਆਂ ਪਹਿਲੇ ਕਹਾਣੀ ਸੰਗ੍ਰਹਿ ਦੀਆਂ ਸਾਰੀਆਂ ਕਹਾਣੀਆਂ ਦੂਜੇ ਸੰਗ੍ਰਹਿ ਦੀਆਂ ਕੁਝ ਕਹਾਣੀਆਂ ਨਕਸਲੀ ਵਿਚਾਰਧਾਰਾ ਤੋਂ ਪ੍ਰਭਾਵਿਤ ਹੋਣ ਕਾਰਨ ਉਦੇਸ਼ ਮੂਲਕ ਰਚਨਾਵਾਂ ਹਨ ਤੇ ਪਾਠਕ ਨੂੰ ਇਕ ਖਾਸ ਦਿਸ਼ਾ ਵੱਲ ਲਿਜਾਣ ਦਾ ਯਤਨ ਕਰਦੀਆਂ ਹਨ ਇਸ ਲਈ ਉਹ ਇਕਹਿਰੀ ਘਟਨਾ ਦੀ ਚੋਣ ਕਰਦਾ ਹੈ, ਸਥਿਤੀ ਦੇ ਬਹੁਤੇ ਪਾਸਾਰ ਨਹੀਂ ਸਿਰਜਦਾ ਤੇ ਸੁਝਾਉ ਅੰਤ ਵਲ ਰੁਚਿਤ ਹੈ ਪਰ ਉਸ ਦੀਆਂ ਬਾਕੀ ਸਾਰੀਆਂ ਕਹਾਣੀਆਂ ਕਲਾਤਮਕ ਪੱਖੋਂ ਨਵੀਆਂ ਸੰਭਾਵਨਾਵਾਂ ਉਜਾਗਰ ਕਰਦੀਆਂ ਹਨ। ਉਹ ਕਹਾਣੀ ਦੀ ਪਰੰਪਰਾਗਤ ਤਕਨੀਕ ਨੂੰ ਲੰਮੀ ਕਹਾਣੀ ਦੀ ਵਿਧਾ ਰਾਹੀਂ ਇੰਨੀ ਸਮਰਥ ਬਣਾਉਣ ਵਿਚ ਸਫਲ ਹੋਇਆ ਹੈ ਕਿ ਕਹਾਣੀ ਜੀਵਨ ਦੀ ਕਿਸੇ ਇਕਹਿਰੀ ਘਟਨਾ ਨੂੰ ਚਿਤਰਨ ਦੇ ਵੀ ਸਮਰੱਥ ਹੈ। ਕੇਂਦਰੀ ਸਥਿਤੀ ਦੇ ਬੁਹ ਪੱਖੀ ਪਾਸਾਰਾਂ ਦੇ ਬਿਰਤਾਂਤ, ਵੱਖ-ਵੱਖ ਕਲਾ ਜੁਗਤਾਂ ਰਾਹੀਂ, ਪੇਸ਼ ਕਰਦਿਆਂ ਕਿਤੇ ਵੀ ਉਸ ਦੀ ਕਹਾਣੀ ਖਿੰਡਾਅ ਦੀ ਸ਼ਿਕਾਰ ਨਹੀਂ ਹੁੰਦੀ। ਲੰਮੀ ਕਹਾਣੀ ਦੇ ਸਫਲਤਾ ਪੂਰਵਕ ਆਰੰਭ ਦਾ ਸਿਹਰਾ ਵੀ ਸੰਧੂ ਨੂੰ ਹੀ ਹੈ ਤੇ ਸਿਖਰ ਦਾ ਵੀ।

## ਹਵਾਲੇ ਅਤੇ ਟਿੱਪਣੀਆਂ

1. ਡਾ. ਧਰਮਪਾਲ ਸਿੰਗਲ, ਪੰਜਾਬੀ ਸਾਹਿਤ ਦਾ ਇਤਿਹਾਸ, ਪੰਨਾ-212

2. ਉਹੀ, ਪੰਨਾ-232

3. ਡਾ. ਆਸ਼ਾ ਨੰਦ ਵੋਹਰਾ, ਖੋਜ ਪ੍ਰਤਿਕਾ, ਗਲਪ ਵਿਸ਼ੇਸ਼ ਅੰਕ, ਪੰਨਾ-306

4. ਉਹੀ, ਪੰਨਾ-306

5. ਡਾ. ਟੀ. ਆਰ. ਵਿਨੋਦ, ਪੰਜਾਬੀ ਕਹਾਣੀ ਅਧਿਐਨ, ਪੰਨਾ-21

6. ਡਾ. ਬਲਦੇਵ ਸਿੰਘ ਧਾਲੀਵਾਲ, ਵਰਿਆਮ ਸੰਧੂ ਦੀ ਕਹਾਣੀ ਸਰੂਪ ਤੇ ਵਿਵੇਕ, ਪੰਨਾ-89

7. ਡਾ. ਅਜੀਤ ਸਿੰਘ 'ਸ਼ਾਹੀ' ਡਾ. ਹਰਦੀਪ ਕੌਰ 'ਸ਼ਾਹੀ', ਵਰਿਆਮ ਸੰਧੂ ਦੀ ਚੌਥੀ ਕੂਟ, ਪੰਨਾ-69

8. ਉਹੀ, ਪੰਨਾ-66

9. ਉਹੀ, ਪੰਨਾ-41

10. ਵਰਿਆਮ ਸਿੰਘ ਸੰਧੂ, 'ਚੌਥੀ ਕੂਟ', ਪੰਨਾ-30

11. ਉਹੀ, ਪੰਨਾ-111

12. ਉਹੀ, ਪੰਨਾ-87

13. ਉਹੀ, ਪੰਨਾ-7

14. ਉਹੀ, ਪੰਨਾ-12

15. ਉਹੀ, ਪੰਨਾ-27

16. ਉਹੀ, ਪੰਨਾ-38

17. ਉਹੀ, ਪੰਨਾ-39

18. ਉਹੀ, ਪੰਨਾ-39

# ਸਾਰ

ਕਹਾਣੀ ਸ਼ਬਦ ਸੰਸਕ੍ਰਿਤ ਦੇ ਕਥਾ ਸ਼ਬਦ ਤੋਂ ਨਿਕਲਿਆ ਹੈ ਜੋ ਪ੍ਰਾਕਿਰਤ ਪੈਸ਼ਾਚੀ ਵਿੱਚ 'ਕਹਾ' ਬਣ ਗਿਆ। ਜੇ ਕਹਾਣੀ ਦੇ ਸਰੋਤਾਂ ਵੱਲ ਧਿਆਨ ਮਾਰੀਏ ਤਾਂ ਪੱਤਾ ਲੱਗਦਾ ਹੈ ਕਿ ਹਜ਼ਾਰਾਂ ਸਾਲਾਂ ਤੋਂ ਸੰਸਾਰ ਦੇ ਲਗਪਗ ਸਾਰੇ ਮੁਲਕਾਂ ਵਿੱਚ ਹੀ ਕਹਾਣੀ ਪ੍ਰਚਲਿਤ ਰਹੀ ਹੈ ਅਤੇ ਕਈ ਅਜਿਹੇ ਕਹਾਣੀ ਸੰਗ੍ਰਹਿ ਪ੍ਰਾਪਤ ਹਨ ਜੋ ਸੰਸਾਰ ਪ੍ਰਸਿੱਧ ਹਨ। ਇੱਥੇ ਸਵਾਲ ਇਹ ਪੈਦਾ ਹੁੰਦਾ ਹੈ ਕਿ ਸਭ ਤੋਂ ਪਹਿਲਾਂ ਕਹਾਣੀ ਕਿਸ ਮੁਲਕ ਵਿੱਚ ਜਾਂ ਕਿਸ ਦੇਸ਼ ਵਿੱਚ ਰਚੀ ਗਈ। ਇਸ ਦਾ ਜਵਾਬ ਲੱਭਦਿਆਂ ਸੰਸਾਰ ਦੇ ਬਹੁਤੇ ਵਿਦਵਾਨ ਇਸ ਗੱਲ ਨਾਲ ਸਹਿਮਤ ਹਨ ਕਿ ਸਭਿੱਅਤਾ ਦੀ ਪਹਿਲੀ ਰੌਸ਼ਨੀ ਸਪਤ ਸਿੰਧੂ ਦੀ ਧਰਤੀ ਉੱਤੇ ਪਈ ਹੋਣ ਕਾਰਨ ਕਹਾਣੀ ਦਾ ਖਜ਼ਾਨਾ ਵੀ ਇਸੇ ਸੁਹਾਗੀ ਧਰਤੀ ਤੇ ਪੈਦਾ ਹੋਇਆ ਤੇ ਹੌਲੀ-ਹੌਲੀ ਜਿਵੇਂ ਇਸ ਧਰਤੀ ਤੋ ਲੋਕ ਟੋਲੇ ਬਣਾ ਕੇ ਹੋਰਨਾ ਮੁਲਕਾ ਫਰਾਸ, ਮਿਸਰ, ਅਰਬ, ਰੂਸ, ਚੀਨ, ਆਦਿ ਹੋਰਨਾ ਮੁਲਕਾ ਵੱਲ ਗਏ ਤੇ ਉਹ ਆਪਣੇ ਨਾਲ ਕਹਾਣੀ ਦਾ ਖਜ਼ਾਨਾ ਅਤੇ ਕਹਾਣੀ ਦੀ ਸ਼ੈਲੀ ਲੈ ਗਏ ਜਿਸਦੇ ਸੂਬਤ ਵਜੋਂ ਅਸੀ ਫਾਰਸੀ ਅਤੇ ਅਰਬੀ ਕਹਾਣੀਆਂ ਦੀਆਂ ਪੰਜਾਬੀ ਕਹਾਣੀਆਂ ਨਾਲ ਇਕਸਾਰਤਾ ਨੂੰ ਦੇਖ ਸਕਦੇ ਹਾਂ ਇੰਝ ਇਹ ਸਪਸ਼ਟ ਹੈ ਕਿ ਕਹਾਣੀ ਯਾਤਰਾ ਪੂਰਵ ਤੋ ਪੱਛਮ ਵੱਲ ਨੂੰ ਆਰੰਭ ਹੋਈ ਹੈ।

ਪੰਜਾਬੀ ਸਾਹਿਤ ਅੰਦਰ ਕਹਾਣੀ ਦਾ ਆਗਮਨ ਅੰਗਰੇਜ਼ੀ ਰਾਜ ਦੀ ਪੰਜਾਬ ਵਿੱਚ ਸਥਾਪਨਾ ਤੋਂ ਬਾਅਦ ਮੰਨਿਆ ਜਾਂਦਾ ਹੈ। ਪੱਛਮੀ ਤਕਨੀਕ ਦੀਆਂ ਕਹਾਣੀਆਂ ਅੰਗਰੇਜ਼ਾਂ ਦੇ ਪੰਜਾਬ ਵਿੱਚ ਕਾਬਜ਼ ਹੋਣ ਤੋਂ ਬਾਅਦ ਲਿਖੀਆਂ ਜਾਣ ਲੱਗੀਆਂ। ਬਾਕੀ ਸਾਹਿਤ ਰੂਪਾਂ ਦੀ ਤਰ੍ਹਾਂ ਹੀ ਪੰਜਾਬੀ ਕਹਾਣੀ ਨੇ ਪੱਛਮੀ ਸਾਹਿਤ ਦਾ ਪ੍ਰਭਾਵ ਕਬੂਲਿਆ ਹੈ। ਇਸੇ ਲਈ ਇਸ ਨੂੰ ਆਧੁਨਿਕ ਸਾਹਿਤ ਦਾ ਨਵਾਂ ਰੂਪ ਕਿਹਾ ਜਾਂਦਾ ਹੈ। ਪੰਜਾਬੀ ਸਾਹਿਤ ਦੇ ਲੇਖਕਾਂ ਨੇ ਸ਼ੁਰੂਆਤੀ ਦੌਰ ਵਿੱਚ ਧਰਮ ਸੁਧਾਰ ਸਮਾਜ ਸੁਧਾਰ ਲਈ ਕਹਾਣੀਆਂ ਲਿਖੀਆਂ ਸ਼ੁਰੂ ਕੀਤੀਆਂ ਸਨ। ਇਸ ਤੋਂ ਮਗਰੋਂ ਪੰਜਾਬੀ ਕਹਾਣੀ ਸਮਾਜ ਦੀ ਨਬਜ਼ ਪਛਾਣਨ ਵਿੱਚ ਕਾਮਯਾਬ ਹੋ ਸਕੀ ਅਤੇ ਵੱਖ-ਵੱਖ ਪ੍ਰਵਿਰਤੀਆਂ ਅਧੀਨ ਕਹਾਣੀਆਂ ਲਿਖੀਆਂ ਜਾਣ ਲੱਗ ਪਈਆਂ।। ਪੰਜਾਬੀ ਕਹਾਣੀ ਨੇ ਆਪਣੀ ਲੋਕ ਪ੍ਰਿਯਤਾ ਬਣਾਈ ਰੱਖਣ ਲਈ ਸਮੇਂ ਤੇ ਸਥਿਤੀ ਦੀ ਲੋੜ ਅਨੁਸਾਰ ਆਪਣੇ ਆਪ ਨੂੰ ਤਬਦੀਲ ਕੀਤਾ ਹੈ ਜਿਸ ਕਾਰਨ ਇਸਦੇ ਵਿਕਾਸ ਵਿੱਚ ਵਿਸ਼ਾਲਤਾ ਤੇ ਅਮੀਰੀ ਸ਼ਾਮਿਲ ਹੋ ਗਈ।

ਪੰਜਾਬੀ ਕਹਾਣੀਕਾਰਾਂ ਵਿਚ ਵਰਿਆਮ ਸਿੰਘ ਸੰਧੂ ਦਾ ਪ੍ਰਮੁੱਖ ਸਥਾਨ ਹੈ ਤੇ ਉਹ ਇਕ ਪ੍ਰਤੀਨਿਧ ਦੇ ਤੌਰ ਤੇ ਗੌਲਿਆ ਗਿਆ ਕਹਾਣੀਕਾਰ ਹੈ ਜਿਸਨੇ ਪੰਜਾਬ ਦੀ ਛੋਟੀ ਕਿਸਾਨੀ ਦੀ ਹੋਂਦ ਤੇ ਪੰਜਾਬ ਸੰਕਟ ਨੂੰ ਨਿਰਧਾਰਤ ਕਰਨ ਵਾਲੇ ਤੱਤਾਂ ਦਾ ਬੜੀ ਸੁਚੱਜਤਾ ਰਾਹੀ ਪ੍ਰਗਟਾ ਕਰਵਾਇਆ ਹੈ। ਪੰਜਾਬ ਦਾ ਸੰਕਟ, ਮੱਕਾਰ ਤੇ ਸਦਾਚਾਰ ਵਿਹੂਣੀ ਰਾਜਨੀਤੀ ਨੇ ਉਪਜਾਇਆ ਹੈ। ਇਸ ਸੰਕਟ ਨੂੰ ਉਹ ਲੋਕ ਸਿਖਰ ਤੇ ਲੈ ਗਏ ਜਿਨ੍ਹਾਂ ਕੋਲ ਬਹੁਤ ਸੀਮਿਤ ਸਾਧਨ ਸਨ ਅਤੇ ਰੋਜ਼ਗਾਰ ਦੇ ਮੌਕਿਆਂ ਲਈ ਵੀ ਕਾਣੀ ਵੰਡ ਨਵੀਂ ਸੱਮਸਿਆਵਾਂ ਦਾ ਆਧਾਰ ਬਣੀ ਹੈ।

ਇਥੋਂ ਹੀ ਰਾਜਨੀਤੀ ਦਾ ਸਦਾਚਾਰ ਤੇ ਦਰਿੰਦਗੀ ਭਰਿਆ ਰੋਲ ਸ਼ੁਰੂ ਹੁੰਦਾ ਹੈ। ਇਸ ਤਰ੍ਹਾਂ ਉਸ ਸਮੇਂ ਆਰਥਕ ਬਰਾਬਰੀ ਦੀ ਮੰਗ ਤਾਂ ਦੂਰ ਰਹੀ ਰੁਜ਼ਗਾਰ ਦੀ ਮੰਗ ਨੂੰ ਵੀ ਅਪਰਾਦ ਮੰਨਿਆ ਜਾਂਦਾ ਹੈ। ਇਥੋਂ ਤੱਕ ਸਾਡੀਆ ਲੋਕਤੰਤਰੀ ਹਾਕਮ ਧਿਰਾਂ ਦਾ ਸੰਬਧ ਹੈ ਕਿ ਇਨ੍ਹਾਂ ਨੇ ਲੋਕਾ ਦੇ ਰੋਸ ਨੂੰ ਖਤਮ ਕਰਨ ਲਈ ਸਮਾਜਿਕ ਨਿਆਂ ਦੀ ਸਥਿਤੀ ਬਹਾਲ ਨਹੀਂ ਕੀਤੀ ਸਗੋਂ ਕਿਸੇ ਹੋਰ ਪਾਸੇ ਮੋੜ ਕੇ ਆਪ ਬੱਚਦੇ ਰਹੇ। ਧਰਮ, ਜਾਤ, ਤੇ ਇਲਾਕਾਈ ਉਲਝਣਾਂ ਵਿਚ ਫਸੇ ਲੋਕਾਂ, ਦੀਆਂ ਅਨੇਕਾ ਜਟਿਲਤਾਵਾਂ ਦਾ ਨਿਸ਼ਾਨਾ ਬਣੇ ਲੋਕਾਂ ਨੇ ਭਾਰੀ ਜੰਗ ਸ਼ੁਰੂ ਕਰ ਦਿੱਤੀ ਤੇ ਜਿਸ ਦੇ ਸਿੱਟੇ ਵਜੋਂ ਲੋਕ ਜੀਵਨ ਦਾ ਦੁਖਾਂਤ ਗਹਿਰਾ ਹੁੰਦਾ ਗਿਆ ਤੇ ਇਥੇ ਹਨ ਪੰਜਾਬ ਸੰਕਟ ਦੀਆਂ ਜੜ੍ਹਾਂ। ਇਹੀ ਸਭ ਕੁਝ ਵਰਿਆਮ ਸਿੰਘ ਸੰਧੂ ਦੀਆਂ ਕਹਾਣੀਆਂ ਵਿਚ ਵੀ ਪੇਸ਼ ਹੈ ਤੇ ਅਜਿਹਾ ਕਰਨ ਵਾਲਾ ਉਹ ਪਹਿਲਾ ਕਹਾਣੀਕਾਰ ਹੈ ਇਸ ਲਈ ਉਹਨਾਂ ਨੂੰ ਲੰਮੀਆਂ ਕਹਾਣੀਆਂ ਲਿਖਣ ਵਾਲੇ ਕਹਾਣੀਕਾਰ ਦੇ ਨਾਂ ਨਾਲ ਜਾਣਿਆ ਜਾਂਦਾ ਹੈ।

ਵਰਿਆਮ ਸਿੰਘ ਸੰਧੂ ਦੀਆਂ ਪਹਿਲੇ ਕਹਾਣੀ ਸੰਗ੍ਰਹਿ 'ਲੋਹੇ ਦੇ ਹੱਥ' ਦੀਆਂ ਲਗਪਗ ਸਾਰੀਆਂ ਤੇ ਦੂਜੇ ਅੰਗ-ਸੰਗ ਦੀਆਂ ਕੁਝ ਕਹਾਣੀਆਂ ਵਿਚ ਸਮਕਾਲੀ ਨਕਸਲਵਾਦੀ ਲਹਿਰ ਪ੍ਰਤੀ ਉਸਦੀ ਜੁਝਾਰੂ ਦ੍ਰਿਸ਼ਟੀ ਦਾ ਉਲੇਖ ਮਿਲਦਾ ਹੈ। ਵਰਿਆਮ ਸਿੰਘ ਸੰਧੂ ਨੇ ਜੋ ਜੀਵਿਆ ਹੈ ਉਹੀ ਰਚਿਆ ਹੈ। ਉਸਨੇ ਆਪਣੀ ਨਿੱਜੀ ਜ਼ਿੰਦਗੀ ਵਿਚ ਛੋਟੀ ਕਿਰਸਾਨੀ ਤੇ ਭੂਮੀ ਹੀਣ ਵਿਅਕਤੀ ਦਾ ਸੰਤਾਪ ਤੇ ਪੰਜਾਬ ਸੰਕਟ ਨੂੰ ਨਾ ਕੇਵਲ ਆਪਣੀ ਅੱਖੀ ਵੇਖਿਆ ਹੈ ਸਗੋਂ ਆਪਣੇ ਤਨ ਤੇ ਹੰਢਾਇਆ ਵੀ ਹੈ। ਉਹਨਾਂ ਇਸ ਵਿਸ਼ਾਲ ਅਨੁਭਵ ਦੇ ਆਧਾਰ ਤੇ ਆਪਣੀਆਂ ਕਹਾਣੀਆਂ ਰਚੀਆਂ ਹਨ। ਇਸ ਤੋਂ ਇਲਾਵਾ, ਸੱਭਿਆਚਾਰ, ਭਾਈਚਾਰਕ, ਤੇ ਪਰਿਵਾਰਕ ਸੰਕਟਾਂ ਵਿਚ ਉਲਝੇ ਵਿਅਕਤੀ ਦੀ ਤ੍ਰਾਸਦੀ ਨੂੰ ਵੀ ਦਰਸਾਇਆ ਹੈ।

ਵਰਿਆਮ ਸਿੰਘ ਸੰਧੂ ਨੇ ਪੰਜਾਬ ਸੰਕਟ ਦੇ ਸਮੇਂ ਨੂੰ ਆਪਣੀਆਂ ਕਹਾਣੀਆਂ 'ਚੌਥੀ ਕੂਟ, ਭੱਜੀਆਂ ਬਾਹੀਂ, ਪਰਛਾਵੇਂ, ਮੈਂ ਹੁਣ ਠੀਕ-ਠਾਕ ਹਾਂ, ਵਿਚ ਬੜੇ ਮਾਨਵੀ ਲਗਾਓ ਦੀ ਦ੍ਰਿਸ਼ਟੀ ਤੋਂ ਪੇਸ਼ ਕੀਤਾ ਹੈ। ਵਰਿਆਮ ਸਿੰਘ ਸੰਧੂ ਇੱਕ ਵਿੱਲਖਣ ਪ੍ਰਤਿਭਾ ਦਾ ਮਾਲਕ ਹੈ। ਆਪਣੀ ਨਿਵੇਕਲੀ ਸੁਰ, ਤਿੱਖੀ ਬੁਛਾੜ, ਕਾਟਵੀਂ ਤੇ ਵਿੰਅਗ ਭਰਪੂਰ ਸਿਰਜਣਾ, ਬਿਆਨ ਦੀ ਪੇਸ਼ਕਾਰੀ ਕਰਨ ਵਾਲਾ ਕਹਾਣੀਕਾਰ ਹੈ। ਜਦੋਂ ਮਨੁੱਖੀ ਵਿਸ਼ਵਾਸ ਤਿੜਕ ਜਾਂਦੇ ਹਨ ਕੋਈ ਕਿਸੇ ਤੇ ਇਤਬਾਰ ਨਹੀਂ ਕਰਦਾ ਹੈ ਤੇ ਸਾਰੇ ਪੰਜਾਬੀ ਆਪਣੀ ਹੋਣੀ ਭੋਗਦੇ ਰਹੇ ਹਨ। ਇੱਥੇ ਮਾਨਵੀ ਰਿਸ਼ਤਿਆਂ ਦੇ ਟੁੱਟਣ ਦਾ ਕਾਰਨ ਨਾ ਆਰਥਿਕਤਾ ਬਣਦੀ ਹੈ ਤੇ ਨਾ ਹੀ ਸਮਾਜਿਕਤਾ, ਸਗੋਂ ਇਸ ਦਾ ਕਾਰਨ ਪੰਜਾਬੀਆਂ ਦੀ ਮਾਨਸਿਕਤਾ ਵਿੱਚ ਘੋਲੀ ਗਈ ਫਿਰਕਾਪ੍ਰਸਤੀ ਦੀ ਜ਼ਹਿਰ ਹੈ। ਹਿੰਦੁਸਤਾਨ ਦੇ ਸ਼ਾਸਕਾਂ ਦੀ ਸੋਚ ਇੱਥੇਂ ਤੱਕ ਪਹੁੰਚ ਗਈ ਕਿ ਪੰਜਾਬ ਤੇ ਖਾਸ ਕਰਕੇ ਸਿੱਖਾਂ ਨੂੰ ਉਨ੍ਹਾਂ ਦੇ ਹੱਕਾ ਤੋਂ ਦੂਰ ਰਖਿਆ ਗਿਆ ਤੇ ਲਾਰੇ-ਲੱਪੇ ਦੀ ਰਾਜਨੀਤੀ ਖੇਡੀ ਗਈ ਹੈ।ਉਸ ਨੇ ਇਹਨਾਂ ਵਰਤਾਰਿਆਂ ਨੂੰ ਆਪਣੇ ਕਹਾਣੀ ਸੰਗ੍ਰਹਿ 'ਚੌਥੀ ਕੂਟ' ਵਿੱਚ ਬਹੁਤ ਹੀ ਤਰਕ ਅਤੇ ਸਫਲਤਾ ਨਾਲ ਪੇਸ਼ ਕੀਤਾ ਹੈ।

ਇਨ੍ਹਾਂ ਵੇਰਵਿਆਂ ਦੇ ਆਧਾਰ ਤੇ ਵਰਿਆਮ ਸੰਧੂ ਇਸ ਗੱਲ ਉੱਤੇ ਵੀ ਰੌਸ਼ਨੀ ਪਾ ਦਿੰਦਾ ਹੈ ਕਿ ਧਰਮ ਜਾਤਾ ਜਾਂ ਕਿਸੇ ਹੋਰ ਕਿਸਮ ਦੇ ਵਖਰੇਵੇਂ ਫਿਤਰਤ ਦਾ ਕਾਇਮੀ ਅੰਗ ਨਹੀਂ ਸਗੋਂ ਇੱਕ ਖਾਸ ਸਮੇਂ ਵਿੱਚ ਖਾਸ ਕਿਸਮ ਦੇ ਹਿੱਤਾਂ ਦੀ ਪੂਰਤੀ ਵਜੋਂ ਉਭਰਦੇ ਹਨ ਤੇ ਲੋਕਾਂ ਨੂੰ ਦੁਖਾਂਤ ਦੇ ਮੂੰਹ ਵਿੱਚ ਧੱਕ ਦਿੰਦੇ ਹਨ। ਕਹਾਣੀ ਦਾ ਇਹੀ ਗਲਪ ਵੇਰਵਾ ਕਹਾਣੀ ਦੇ ਅੰਤ ਉੱਪਰ ਪਰਤਵੇਂ ਰੂਪ ਵਿੱਚ ਫੱਟਦਾ ਹੈ ਤਾਂ ਪਾਠਕ ਹਿੰਦੂ-ਸਿੱਖ ਸੰਬੰਧਾਂ ਦੇ ਵਰਤਮਾਨ ਖੰਡਮਈ ਤੇ ਦੁਫੇੜ ਸਥਿਤੀਆਂ ਦੇ ਪ੍ਰੰਸਗ ਵਿੱਚ ਇਨ੍ਹਾਂ ਸੰਬੰਧਾਂ ਦੀਆਂ ਇਤਿਹਾਸਕ ਕਦਰਾ-ਕੀਮਤਾਂ ਬਾਰੇ ਸੋਚਦੇ ਹਨ। ਪੰਜਾਬੀ ਕਹਾਣੀ ਵਿਚ ਸਭ ਤੋਂ ਪਹਿਲਾਂ ਲੰਮੀ ਕਹਾਣੀ ਦੀ ਪਿਰਤ ਵਰਿਆਮ ਸਿੰਘ ਸੰਧੂ ਨੇ ਹੀ ਪਾਈ ਸੀ ਅਤੇ ਇਸ ਦੀਆਂ ਕਹਾਣੀਆਂ ਨਾਲ ਪੰਜਾਬੀ ਕਹਾਣੀ ਆਪਣੇ ਸਿਖਰ ਤੇ ਪੁੱਜੀ ਹੈ।

ਅਜਿਹਾ ਕਰਦਿਆਂ ਉਹ ਕਹਾਣੀ ਦੀ ਪਰੰਪਰਾਗਤ ਤਕਨੀਕ ਨੂੰ ਹੀ ਵਰਤੋਂ ਵਿਚ ਲਿਆਉਂਦਾ ਹੈ। ਇਹਨਾਂ ਵਿਚਾਰ ਪ੍ਰਧਾਨ ਕਹਾਣੀਆਂ ਵਿਚ ਸਥਿਤੀ ਉੱਤੇ ਵਿਚਾਰ ਭਾਰੂ ਰਹਿੰਦੇ ਹਨ। ਕਹਾਣੀ ਵਿਚ ਵਿਚਾਰਾਂ ਦੀ ਪ੍ਰਧਾਨਤਾ ਕਿਸੇ ਸਾਹਿਤਕਾਰ ਨੂੰ ਸਰਵ ਉੱਤਮਤਾ ਪ੍ਰਧਾਨ ਨਹੀਂ ਕਰਦੀ ਤੇ ਵਰਿਆਮ ਸੰਧੂ ਦੀ ਮਾਨਤਾ ਦਾ ਆਧਾਰ ਇਹ ਜੁਝਾਰੂ ਕਹਾਣੀਆਂ ਨਹੀਂ ਸਗੋਂ ਇਸ ਦਾ ਆਧਾਰ ਉਸਦੀ ਬੁੱਧੀ ਦੇ ਵਿਸ਼ਾਲ ਅਨੁਭਵ ਹੈ ਜਿਸਦਾ ਸਬੂਤ ਉਹ ਲੰਮੀਆਂ ਕਹਾਣੀਆਂ ਰਾਹੀਂ ਦਿੰਦਾ ਹੈ। ਵਰਿਆਮ ਸੰਧੂ ਨੂੰ ਆਪਣੀ ਬਦਲੀ ਦ੍ਰਿਸ਼ਟੀ ਅਨੁਸਾਰ ਇਹ ਵੀ ਸਮਝ ਆ ਗਿਆ ਹੈ ਕਿ ਜਮਾਤੀ ਲੜਾਈ ਲਈ ਕੰਮ ਕਰ ਰਹੀਆਂ ਪਾਰਟੀਆਂ ਆਪ ਵੀ ਸੰਕਟ ਦਾ ਸ਼ਿਕਾਰ ਹਨ। ਉਹ ਵੀ ਆਪਣੀਆਂ ਜਿੰਮੇਵਾਰੀਆਂ ਨੂੰ ਨਹੀਂ ਨਿਭਾ ਸਕੀਆਂ। ਇਸ ਲਈ ਉਹ ਥਾਂ-ਥਾਂ ਤੇ ਉਹਨਾਂ ਨੂੰ ਵੀ ਆਪਣੇ ਵਿਅੰਗ ਦਾ ਨਿਸ਼ਾਨਾ ਬਣਾਉਂਦਾ ਹੈ।

ਵਰਿਆਮ ਸਿੰਘ ਸੰਧੂ ਵਸਤੂ ਸਥਿਤੀ ਨੂੰ ਉਸਦੇ ਸਮੁੱਚ ਵਿਚ ਪੇਸ਼ ਕਰਨ ਲਈ ਉਸ ਨਾਲ ਜੁੜੀਆਂ ਬਹੁ-ਪਾਸਾਰੀ ਤੰਦਾਂ ਦੇ ਬਿਰਤਾਂਤ ਸਿਰਜਨ ਲਈ ਪੰਰਪਰਾਗਤ ਤਕਨੀਕ ਨੂੰ ਇਕ ਪਾਸੇ ਰੱਖਕੇ ਲੰਮੀ ਕਹਾਣੀ ਦੀ ਵਿਧਾ ਨੂੰ ਅਪਣਾਉਂਦਾ ਹੈ। ਲੰਮੀ ਕਹਾਣੀ, ਨਿੱਕੀ ਕਹਾਣੀ, ਨਾਵਲ, ਤਿੰਨੇ ਗਲਪ ਸਾਹਿਤ ਦੇ ਅਜਿਹੇ ਰੂਪ ਹਨ ਜਿਹੜੇ ਸਮਾਜਿਕ, ਸੱਭਿਆਚਾਰ, ਆਰਥਿਕ, ਸਾਹਿਤਕ ਚਿੱਤਰ ਪੇਸ਼ ਕਰਦੇ ਹਨ। ਜਿਸ ਤਰ੍ਹਾਂ ਨਾਵਲ ਵਿਚ ਵਸਤੂ ਯਥਾਰਥ ਨਾਲ ਮਿਲਦੀਆਂ ਇਕ ਤੋਂ ਵੱਧ ਸਥਿਤੀਆਂ ਹੁੰਦੀਆਂ ਹਨ ਤੇ ਉਹ ਇਕ ਦੂਜੀ ਨਾਲ ਸੰਬੰਧਤ ਹੁੰਦੀਆਂ ਵੀ ਖੁਦ ਆਪਣੀ ਹੋਂਦ ਰੱਖਦੀਆਂ ਹਨ। ਇਸ ਤਰ੍ਹਾਂ ਨਿੱਕੀ ਕਹਾਣੀ ਵਸਤੂ ਯਥਾਰਥ ਦੀ ਕਿਸੇ ਇਕ ਦਿਸ਼ਾ ਨੂੰ ਲੈ ਕੇ ਉਸਦੇ ਅਰਥ ਉਘਾੜ ਤੱਕ ਹੀ ਸੀਮਿਤ ਰਹਿੰਦੀ ਹੈ। ਲੰਮੀ ਕਹਾਣੀ ਵਿਚ ਨਿੱਕੀ ਕਹਾਣੀ ਵਾਂਗ ਸਥਿਤੀ ਤਾਂ ਇਕੋ ਹੀ ਹੁੰਦੀ ਹੈ ਪਰ ਨਿੱਕੀ ਕਹਾਣੀ ਦੇ ਉਲਟ ਇਸ ਵਿਚ ਕੇਂਦਰੀ ਸਥਿਤੀ ਦੇ ਬਹੁ ਪਰਤੀ ਤੇ ਬਹੁ ਦਿਸ਼ਾਵੀ ਪੱਖਾਂ ਨੂੰ ਰੂਪਮਾਨ

ਕਰਨ ਦੀ ਸਮਰੱਥਾ ਹੁੰਦੀ ਹੈ। ਇਸ ਤਰ੍ਹਾਂ ਵਰਿਆਮ ਸੰਧੂ ਆਪਣੀਆਂ ਲੰਮੀਆਂ ਕਹਾਣੀਆਂ ਵਿਚ ਸਥਿਤੀ ਦੇ ਵਿਭਿੰਨ ਪਾਸਾਰਾਂ ਦੇ ਬਿਰਤਾਂਤ ਇਸ ਭਾਂਤ ਨਿਪੁੰਨਤਾ ਨਾਲ ਸਿਰਜਦਾ ਹੈ ਕਿ ਉਹ ਪਾਠਕ ਨੂੰ ਕੀਲ ਦਿੰਦੇ

ਹਨ। ਇਨ੍ਹਾਂ ਕਹਾਣੀਆਂ ਵਿਚ ਪ੍ਰਮੁੱਖਤਾ ਵਸਤੂ ਸਥਿਤੀ ਦੀ ਯਥਾਰਥ ਪੇਸ਼ਕਾਰੀ ਨੂੰ ਦਿੱਤੀ ਗਈ ਹੈ। ਉਸਦੀ ਕਹਾਣੀ ਵਿਚ ਦਸ਼ਾ ਮੁੱਖ ਹੈ ਦਿਸ਼ਾ ਨਹੀਂ। ਉਹ ਅਜੇ ਵੀ ਜੀਵਨ ਨੂੰ ਸਮਝਣ ਦਾ ਵਧੀਆ ਦਰਸ਼ਨ ਮਾਰਕਸਵਾਦ ਨੂੰ ਮੰਨਦਾ ਹੈ ਤੇ ਵਿਅਕਤੀ ਦੇ ਸੱਭਿਆਚਾਰ ਤਣਾਉਂ ਨੂੰ ਸਿਰਜਦਾ ਹੋਇਆ ਜਮਾਤੀ ਟਕਰਾਅ ਦੀਆਂ ਸੰਭਾਵਨਾਵਾਂ ਵੱਲ ਸੰਕੇਤ ਕਰਦਾ ਹੈ। ਸੰਧੂ ਦੀਆਂ ਕਹਾਣੀਆਂ ਵਿਚ ਸਥਿਤੀ ਦੇ ਬਹੁ ਪਾਸਾਰੀ ਵੇਰਵੇ ਕਿਤੇ ਵੀ ਖਿੰਡਾਅ ਪੈਦਾ ਨਹੀਂ ਕਰਦੇ ਸਗੋਂ ਕੇਂਦਰੀ ਸਥਿਤੀ ਨੂੰ ਪ੍ਰਭਾਵੀ ਢੰਗ ਨਾਲ  ਪੇਸ਼ ਕਰਨ ਵਿਚ ਸਹਾਈ ਹੁੰਦੇ ਹਨ। ਇਸੇ ਵਿਚ ਹੀ ਉਸਦੀਆਂ ਕਹਾਣੀਆਂ ਦੀ ਕਲਾਤਮਕ ਉੱਚਤਾ ਦਾ ਗੁਣ ਪੇਸ਼ ਹੈ। ਉਸ ਦੀਆਂ ਕਹਾਣੀਆਂ ਪੜ੍ਹਨ ਤੋਂ ਬਾਅਦ ਸਾਨੂੰ ਆਪਣੇ ਅੰਦਰੋ ਕੁਝ ਨਵਾਂ ਜੁੜ ਰਿਹਾ ਤੇ ਕੁਝ ਸੋਚਣ ਲਈ ਪ੍ਰਤੀਤ ਹੁੰਦਾ ਹੈ।

ਵਰਿਆਮ ਸਿੰਘ ਸੰਧੂ ਦੀ ਭਾਸ਼ਾ ਵਿਚ ਪਾਠਕ ਦੀ ਉਂਗਲੀ ਫੜਕੇ ਉਸਨੂੰ ਨਾਲ ਤੋਰ ਲੈਣ ਦੀ ਸਮਰੱਥਾ ਹੈ। ਉਸਦਾ ਬਿਆਨ ਬੜਾ ਸਰਲ ਤੇ ਸਪੱਸ਼ਟ ਹੈ। ਉਹ ਗੁੰਝਲਦਾਰ ਵਾਕਾਂ ਦੀ ਵਰਤੋਂ ਨਹੀਂ ਕਰਦਾ ਤੇ ਬੇਲੋੜੇ ਪ੍ਰਤੀਕਾਂ, ਕਾਵਿਕ ਭਾਸ਼ਾ ਤੇ ਉਪਭਾਵੁਕਤਾ ਦੇ ਵਹਿਣ ਵਿਚ ਰੁੜਣ ਤੋਂ ਸੰਕੋਚ ਕਰਦਾ ਹੈ। ਉਹ ਆਪਣੀਆਂ ਕਹਾਣੀਆਂ ਵਿਚ ਮੁਹਾਵਰੇਦਾਰ ਭਾਸ਼ਾ ਦੀ ਵਰਤੋਂ ਕਰਦਾ ਹੈ ਪਰ ਕਿਤੇ-ਕਿਤੇ ਉਸ ਦੇ ਪਾਤਰ ਉਪਭਾਸ਼ਾ ਤੇ ਦੀ ਵਰਤੋਂ ਵੀ ਕਰਦੇ ਹਨ। ਉਹ ਜਿਆਦਾਤਰ ਕਹਾਣੀਆਂ ਵਿਚ ਮਾਝੀ ਭਾਸ਼ਾ ਦੀ ਵਰਤੋਂ ਕਰਦਾ ਹੈ। ਸੰਧੂ ਦੀਆਂ ਕਹਾਣੀਆਂ ਦੀ ਇਕ ਹੋਰ ਪ੍ਰਮੁੱਖਤਾ ਗਲਪ ਜਗਤ ਉਸਦਾ ਤੀਖਣ ਵਿਅੰਗ ਹੈ ਜਿਵੇਂ ਸਾਧਨ- ਸੰਪਨ ਵਰਗ ਦੇ ਪਾਤਰਾਂ ਦਾ ਸੁਆਰਥੀ ਵਿਹਾਰ ਜਾਂ ਧੱਕੇਸ਼ਾਹੀ ਹੋਵੇ ਭਾਵੇਂ ਪਾਰਟੀਆਂ ਦੀ ਕਾਰਜਹੀਣਤਾ, ਨੇਤਾਵਾਂ ਦੀਆਂ ਸੁਆਰਥੀ ਚਾਲਾਂ ਹੋਣ, ਭਾਵੇਂ ਸਾਧਨ ਵਿਪੰਨ ਵਰਗ ਦੇ ਪਾਤਰਾਂ ਦੀ ਅਗਿਆਨਤਾ, ਧਾਰਮਿਕ ਸੰਸਥਾਵਾਂ ਦੇ ਪ੍ਰੰਬਧ ਤੇ ਅਕੀਦਿਆ ਨਾਲ ਸੰਬੰਧਿਤ ਵਿਅਕਤੀਆਂ ਦਾ ਦੂਹਰਾ ਚਰਿੱਤਰ ਹੋਵੇ ਉਹ ਸਭ ਨੂੰ ਆਪਣੇ ਵਿਅੰਗ ਦਾ ਨਿਸ਼ਾਨਾ ਬਣਾਉਂਦਾ  ਹੈ।

ਅੰਤ ਵਿੱਚ ਕਹਿ ਜਾ ਸਕਦਾ ਹੈ ਕਿ ਭਾਵੇਂ ਕਈ ਕਹਾਣੀਕਾਰਾਂ ਜਿਵੇਂ ਸੰਤ ਸਿੰਘ ਸੇਖੋਂ, ਨਾਨਕ ਸਿੰਘ, ਪ੍ਰੇਮ ਪ੍ਰਕਾਸ਼, ਜਸਵੰਤ ਸਿੰਘ, ਕੁਲਵੰਤ ਸਿੰਘ ਵਿਰਕ, ਕਰਤਾਰ ਸਿੰਘ ਦੁੱਗਲ ਨੇ ਪੰਜਾਬ ਸੰਕਟ ਤੇ ਕਿਰਸਾਨੀ ਬਾਰੇ ਕਈ ਕਹਾਣੀਆਂ ਵਿਚ ਵਿਸ਼ੇ ਪੇਸ਼ ਕੀਤੇ ਹਨ ਪਰ ਜਿਸ ਸਮਰੱਥਾ ਨਾਲ ਵਰਿਆਮ ਸਿੰਘ ਸੰਧੂ ਪੰਜਾਬ ਸੰਕਟ ਤੇ ਪੰਜਾਬ ਕਿਸਾਨੀ ਦੇ ਇਤਿਹਾਸਕ ਯਥਾਰਥ ਦੀ ਗਤੀ ਨੂੰ ਆਪਣੀਆਂ ਕਹਾਣੀਆਂ ਦੀ ਪਕੜ ਵਿਚ ਲੈਣ ਤੇ ਪੇਸ਼ ਕਰਨ ਵਿਚ ਸਫਲ ਹੋਇਆ ਹੈ ਉਸਦੀ ਮਿਸਾਲ ਉਹ ਆਪ ਹੀ ਹੈ। ਉਹ ਪੰਜਾਬੀ ਕਹਾਣੀ ਦਾ ਪ੍ਰਤੀਨਿਧ ਹਸਤਾਖਰ ਹੈ ਅਤੇ ਲਿਤਾੜੇ ਜਾਂ ਰਹੇ ਲੋਕਾਂ ਦੇ ਪੱਖ ਵਿਚ ਗੱਲ ਕਰਨ ਵਾਲਾ ਕਹਾਣੀਕਾਰ ਹੈ। ਇਸਦੇ ਨਾਲ-ਨਾਲ ਲੰਮੀ ਕਹਾਣੀ ਦੀ

ਵਿਧਾ ਨੂੰ ਸਫਲਤਾ ਸਹਿਤ ਆਰੰਭ ਕਰਕੇ ਸਿਖਰ ਉੱਤੇ ਵੀ ਉਸ ਨੇ ਹੀ ਪਹੁੰਚਾਇਆ ਹੈ ਤੇ ਉਹ ਅਜਿਹਾ ਕਹਾਣੀਕਾਰ ਹੈ ਜਿਸ ਨੇ ਲੰਮੀ ਕਹਾਣੀ ਦੀਆਂ ਜੜ੍ਹਾਂ ਨੂੰ ਮਜ਼ਬੂਤ ਕੀਤਾ ਹੈ।

# ਸਹਾਇਕ ਪੁਸਤਕ-ਸੂਚੀ


ਉੱਪਲ, ਸਵਿੰਦਰ ਸਿੰਘ (ਡਾ.), ਪੰਜਾਬੀ ਕਹਾਣੀ ਸਰੂਪ, ਸਿੱਧਾਂਤ ਤੇ ਵਿਕਾਸ, ਪਟਿਆਲਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, 1995

ਅਹੂਜਾ, ਰੋਸ਼ਨ ਲਾਲ, ਸਾਹਿਤ ਸ਼ਾਸਤਰ, ਲੁਧਿਆਣਾ, ਲਾਹੌਰ ਬੁੱਕ ਸ਼ਾਪ, 1996

ਸੰਧੂ, ਵਰਿਆਮ ਸਿੰਘ, ਚੌਥੀ ਕੂਟ (ਕਹਾਣੀ ਸੰਗ੍ਰਹਿ) ਸਮਾਣਾ, ਸੰਗਮ ਪਬਲੀਕੇਸ਼ਨਜ , 2013

ਸੰਧੂ, ਵਰਿਆਮ ਸਿੰਘ, ਭੱਜੀਆਂ ਬਾਹੀਂ, ਲੁਧਿਆਣਾ, ਲਾਹੌਰ ਬੁੱਕ ਸ਼ਾਪ, 1987

ਸੇਖੋਂ ਸੰਤ ਸਿੰਘ, ਕਹਾਣੀ ਸ਼ਾਸਤਰ, ਸਰਹਿੰਦ, ਲੋਕ ਗੀਤ ਪ੍ਰਕਾਸ਼ਨ, 1991

ਸ਼ਾਹੀ, ਅਜੀਤ ਸਿੰਘ (ਡਾ.), ਸ਼ਾਹੀ, ਹਰਦੀਪ ਕੌਰ (ਡਾ.), ਸੰਧੂ, ਵਰਿਆਮ ਸਿੰਘ, 'ਚੌਥੀ ਕੂਟ' ਜਲੰਧਰ, ਬਲਵੰਤ ਪ੍ਰਕਾਸ਼ਨ, 2001

ਸਿੰਗਲ, ਧਰਮਪਾਲ ( ਡਾ.), ਪੰਜਾਬੀ ਸਾਹਿਤ ਦਾ ਇਤਿਹਾਸ, ਚੰਡੀਗੜ੍ਹ, ਲੋਕਗੀਤ ਪ੍ਰਕਾਸ਼ਨ, 2006

ਕਸੇਲ ਕਿਰਪਾਲ ਸਿੰਘ, ਪੰਜਾਬੀ ਸਾਹਿਤ ਦਾ ਇਤਿਹਾਸ, ਭਾਗ ਦੂਜਾ, ਭਾਸ਼ਾ ਵਿਭਾਗ ਪੰਜਾਬ, 2011

ਕਿਰਨ, ਕਿਰਨਦੀਪ ਸਿੰਘ (ਡਾ.), ਪ੍ਰੇਮ ਪ੍ਰਕਾਸ਼ ਦੀ ਕਥਾ-ਸੰਵੇਦਨਾ, ਅੰਮ੍ਰਿਤਸਰ, ਰਵੀ ਸਾਹਿਤ ਪ੍ਰਕਾਸ਼ਨ, 2006

ਜਸਵਿੰਦਰ ਸਿੰਘ (ਡਾ.), ਢੀਂਡਸਾ, ਮਾਨ ਸਿੰਘ (ਡਾ.), ਪੰਜਾਬੀ ਸਾਹਿਤ ਦਾ ਇਤਿਹਾਸ, ਪਟਿਆਲਾ,

ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, 2012

ਸਿੰਗਲ, ਧਰਮਪਾਲ (ਡਾ.), ਪੰਜਾਬੀ ਕਹਾਣੀ ਨਵੀਨ ਪ੍ਰਵਿਰਤੀਆਂ, ਅੰਮ੍ਰਿਤਸਰ, ਗੁਰੂ ਨਾਨਕ ਦੇਵ ਯੂਨੀਵਰਸਿਟੀ , 1992

ਧਾਲੀਵਾਲ ਬਲਦੇਵ ਸਿੰਘ (ਡਾ.), ਵਰਿਆਮ ਸਿੰਘ ਸੰਧੂ ਦੀ ਕਹਾਣੀ ਸਰੂਪ ਅਤੇ ਵਿਵੇਕ, ਪਬਲਿਕ ਲੋਕ ਗੀਤ ਪ੍ਰਕਾਸ਼ਨ, 2007

ਫ਼ਰੈਂਕ, ਗੁਰਬਖਸ਼ ਸਿੰਘ, ਨਿੱਕੀ ਕਹਾਣੀ ਅਤੇ ਪੰਜਾਬੀ ਨਿੱਕੀ ਕਹਾਣੀ, ਲੁਧਿਆਣਾ, ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੁਸਾਇਟੀ, 1980

ਪ੍ਰਮਿੰਦਰ ਸਿੰਘ (ਡਾ.), ਕਸੇਲ ਕਿਰਪਾਲ ਸਿੰਘ, ਲਾਂਬਾ, ਗੋਬਿੰਦ ਸਿੰਘ (ਡਾ.), ਪੰਜਾਬੀ ਸਾਹਿਤ ਦੀ ਉੱਤਪਤੀ ਤੇ ਵਿਕਾਸ, ਲਾਹੌਰ ਬੁੱਕ ਸ਼ਾਪ ਲਾਜਪਤ ਰਾਏ ਮਾਰਕਿਟ, ਨੇੜੇ ਸੁਸਾਇਟੀ ਸਿਨੇਮਾ ਲੁਧਿਆਣਾ, 2011

ਪਿਆਰ ਸਿੰਘ (ਡਾ.), ਖੋਜ ਸਿਧਾਂਤ ਤੇ ਵਿਹਾਰ, ਪਟਿਆਲਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, 2011

ਵਿਨੋਦ, ਟੀ. ਆਰ, ਪੰਜਾਬੀ ਕਹਾਣੀ ਅਧਿਐਨ, ਅੰਮ੍ਰਿਤਸਰ, ਰਵੀ ਸਾਹਿਤ ਪ੍ਰਕਾਸ਼ਨ, 1988

---